ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

# ਖ਼ਾਲਸਾ ਸਮਾਚਾਰ
Khalsa Samachar

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪੩ ਜਿਲਦ ੩੦ ੫-੧੧ ਨਵੰਬਰ ੨੦੨੦, ੨੦-੨੬ ਕੱਤਕ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 43 Volume 30, 5-11 November 2020
Yearly Subscription India 250/-, Abroad 2500/- and Life Membership India 2500/-, Abroad 25000/-

# ਇਤਿਹਾਸ ਕੀ ਕਹਿੰਦਾ ਹੈ?

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਉਹ ਅਨਯਮਤੀ ਜੋ ਸਿੱਖ ਧਰਮ ਦੀਆਂ ਸੂਰਜਵਤ ਰੌਸ਼ਨ ਸਦਾਕਤਾਂ ਵੇਖ ਇਧਰ ਰੁਜੂ ਹੋਣ,

ਉਹ ਅਸਿੱਖ ਜੋ :-

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥** (ਅੰਗ ੪੪)

ਦੀ ਖੁਸ਼ਖਬਰੀ ਸੁਣ ਸਿੱਖ ਬਣਨ ਦਾ ਚਾਉ ਸੀਨੇਂ ਵਿਚ ਰੱਖਣ,

ਉਹ ਬਦੇਸ਼ੀ ਜੋ :-

**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ॥** (ਅੰਗ ੬੧੨)

ਦੀ ਬੁਸ਼ਾਰਤ ਤੋਂ ਸਿੱਖੀ ਦੇ ਝੰਡੇ ਹੇਠ ਆਉਣਾ ਚਾਹੁਣ,

ਉਹ ਅਛੂਤ ਜਾਤਾਂ ਦੇ ਆਦਮੀ ਜੋ :-

**'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ'**

ਦੀ ਸੱਦ ਸੁਣ ਸ੍ਰੀ ਗੁਰੂ ਕਲਗੀਧਰ ਜੀ ਦਾ ਅਮਰ ਪੁਤ੍ਰ ਹੋਣਾ ਚਾਹੁਣ,

ਉਹ ਮੌਤ ਦੇ ਤਰਾਸ ਤੋਂ ਭੈ ਭੀਤ ਹੋਏ ਹੋਏ ਜੀਵ ਜੋ :-

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥** (ਅੰਗ ੫੨੨)

ਦੀ ਸੋ ਸੁਣ ਗੁਰੂ ਦੇ ਹੋ ਜਾਣਾ ਚਾਹੁਣ ਉਹਨਾਂ ਦੀ ਇਸ ਅਕਾਂਖਯਾ ਦਾ ਉੱਤਰ ਸਿੱਖਾਂ ਵਲੋਂ ਕੀ ਹੋਣਾ ਚਾਹੀਦਾ ਹੈ। ਉਹਨਾਂ ਦੇ ਨਾਲ ਸਿੱਖ ਸੰਗਤ ਦਾ ਵਰਤਾਉ ਕਿਹੋ ਜਿਹਾ ਹੋਣਾ ਚਾਹੀਦਾ ਹੈ ਤੇ ਉਹਨਾਂ ਦੇ ਨਾਲ ਪੰਗਤ ਵਿਚ ਸਿੱਖਾਂ ਨੂੰ ਕਿਸ ਤਰਾਂ ਦਾ ਸਲੂਕ ਕਰਨਾ ਚਾਹੀਦਾ ਹੈ? ਇਹਨਾਂ ਪ੍ਰਸ਼ਨਾਂ ਬਾਬਤ ਗੁਰਬਾਣੀ ਦਾ ਹੁਕਮ ਅਸੀਂ ਪਿਛਲੇ ਪਰਚੇ ਵਿਚ ਦੱਸ ਚੁਕੇ ਹਾਂ।

ਜੋ ਆਦਮੀ ਆਪਣੇ ਆਪ ਨੂੰ ਸਿੱਖ ਕੈਹਲਾਂਦਾ ਹੈ, ਉਸ ਲਈ :-

"ਗੁਰਿ ਕਹਿਆ ਸਾ ਕਾਰ ਕਮਾਵਉ" ਫਰਜ਼ ਹੈ। ਉਹ ਕਾਰ ਗੁਰੂ ਨੇ ਆਪ ਕੀਤੀ ਹੈ ਜਾਂ ਨਹੀਂ, ਜੇ ਕੀਤੀ ਹੈ ਤਦ ਕਿੱਥੇ ਕੀਤੀ ਹੈ, ਕਦ ਕੀਤੀ ਹੈ? ਆਦਿਕ ਪ੍ਰਸ਼ਨ ਕਰਨ ਦੀ ਉਸ ਲਈ ਗੁੰਜਾਇਸ਼ ਨਹੀਂ, ਹੀਲ, ਹੁੱਜਤ, ਚੂੰ ਚਰਾਂ ਕਰਨ ਦੀ ਉਸ ਵਾਸਤੇ ਥਾਂ ਨਹੀਂ। ਗੁਰੂ ਦਾ ਹੁਕਮ ਜਾਣ ਉਸਨੂੰ ਵਰਤੋਂ ਵਿਚ ਲਿਆਉਣਾ ਉਸਦਾ ਧਰਮ ਹੈ, ਉਸਦੇ ਕਰਨ ਜੋਗ ਕੰਮ ਹੈ।

ਹਾਂ ਜੇ ਉਹ ਸੋਚਣਾ ਚਾਹੇ ਤਦ ਸੋਚ ਸਕਦਾ ਹੈ ਕਿ ਉਹ ਇਸ ਕਾਰ ਨੂੰ ਕਿਸ ਤਰਾਂ ਕਾਮਯਾਬੀ ਨਾਲ ਕਰ ਸਕਦਾ ਹੈ ਤੇ ਬਸ।

ਪ੍ਰੰਤੂ ਇਹ ਭੀ ਸੱਚ ਹੈ ਕਿ ਗੁਰਬਾਣੀ ਦਾ ਆਸ਼ਾ ਸਮਝਣ ਵਿਚ ਗੁਰ ਇਤਿਹਾਸ ਇਕ ਤਰਾਂ ਦੀ ਟੀਕਾ ਤੇ ਤਫਸੀਰ ਦਾ ਕੰਮ ਦੇਂਦਾ ਹੈ, ਇਸ ਵਾਸਤੇ ਜੇ ਕੋਈ ਵਯਕਤੀ ਈਮਾਨਦਾਰੀ ਨਾਲ ਮਲੂਮ ਕਰਨੀ ਚਾਹੇ ਕਿ ਇਨ੍ਹਾਂ ਪ੍ਰਸ਼ਨਾਂ ਬਾਬਤ ਗੁਰ ਇਤਹਾਸ ਕੀ ਕੈਂਹਦਾ ਹੈ, ਤਦ ਉਸਨੂੰ ਆਦਿ ਪਾਤਸ਼ਾਹੀ ਦੀ **ਜਨਮਸਾਖੀ ਭਾਈ ਬਾਲੇ ਵਾਲੀ** ਵੇਖਣ ਤੋਂ ਪਤਾ ਲਗੇਗਾ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਸਫਰ ਵਿਚ ਉਸ ਵੇਲੇ ਦੇ ਹਿੰਦ ਦੇ ਮਸ਼ਹੂਰ ਹਿੰਦੂ ਤੇ ਇਸਲਾਮ ਦੋਹਾਂ ਮਜ਼ਹਬਾਂ ਵਿਚੋਂ ਇਕ ਇਕ ਆਦਮੀ ਭਾਈ ਬਾਲਾ ਤੇ ਮਰਦਾਨੇ ਨੂੰ ਆਪਣੇ ਸੰਗ ਰਖਯਾ, ਅਗਰ ਆਪ ਹਿੰਦੂਆ ਦੇ ਕਾਂਸ਼ੀ, ਜਗਨ ਨਾਥ, ਪ੍ਰਯਾਗ ਆਦਿ ਤੀਰਥਾਂ ਤੇ ਗਏ, ਤਦ ਦੂਜੇ ਪਾਸੇ ਉਹ ਮੁਸਲਮਾਨਾਂ ਦੇ ਮਕੇ, ਮਦੀਨੇ, ਈਸਾਈਆਂ ਤੇ ਬੋਧੀਆਂ ਦੇ ਲਾਸ਼ਾ ਆਦਿਕ ਸ਼ੈਹਰਾਂ ਵਿਚ ਅਪੜ ਸਿੰਘਨਾਦ ਵਜਾਇਆ।

ਸੋਚਣ ਦੀ ਗਲ ਹੈ ਕਿ ਜੇ ਕਦੀ ਗੁਰੂ ਨਾਨਕ ਸਾਹਿਬ ਆਪਣੇ ਧਰਮ ਨੂੰ ਕੇਵਲ ਹਿੰਦ ਲਈ, ਨਹੀਂ ਉਸ ਵਿਚੋਂ ਵੀ ਕੇਵਲ ਹਿੰਦੂਆਂ

## ਅੰਦਰ


- ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼ 3
- Sikhs in Finland 7
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 9
- ਸੌ ਸਾਲ ਪਹਿਲਾਂ : ਖਾਲਸਾ ਦੀਵਾਨ ਅਫਗਾਨਸਤਾਨ.... 10
- ਸ਼ਬਦ ਵਿਆਖਿਆ 11
- ਰਿਪੋਰਟ : ਪ੍ਰੋ. ਸ਼ਿਵਾ ਪ੍ਰਕਾਸ਼ ਦਾ ਵਚਨਾ ਸਾਹਿਤ ਉਪਰ ਲੈਕਚਰ 12

ਲਈ, ਨਹੀਂ ਨਹੀਂ ਉਸ ਵਿਚੋਂ ਵੀ ਕੇਵਲ ਬ੍ਰਾਹਮਣ, ਛਤ੍ਰੀ ਤੇ ਵੈਸ਼ਾਂ ਲਈ ਹੀ ਸਮਝਦੇ ਤਦ ਉਹਨਾਂ ਨੂੰ ਮਕੇ, ਮਦੀਨੇ ਦੇ ਬਿਖੜੇ ਰਸਤੇ ਬਗਦਾਦ ਆਦਿਕ ਦੇ ਦੂਰ ਦਰਾਜ਼ ਦੇ ਸਫਰ ਤੇ ਲਾਸ਼ਾ ਆਦਿਕ ਦੇ ਪੁਰ ਖੇਤਰ ਦੇਸ਼ਾਟਨ ਕਰਨ ਦੀ ਕੀ ਲੋੜ ਸੀ? ਕੀ ਗੁਰੂ ਸਾਹਿਬਾਨ ਦਾ ਉਕਤ ਅਸਥਾਨਾਂ ਤੇ ਜਾਣਾ ਉਥੋਂ ਦੀ ਆਮ ਜਨਤਾ ਤੇ ਪ੍ਰਧਾਨ ਕਰਮਚਾਰੀਆਂ ਨੂੰ ਸਤ ਦਾ ਉਪਦੇਸ਼ ਸੁਨਾਣਾ ਇਸ ਗਲ ਦਾ ਸਬੂਤ ਨਹੀਂ ਹੈ ਕਿ ਗੁਰੂ ਨਾਨਕ ਸਾਹਿਬ ਆਪਣੇ ਮਤ ਨੂੰ ਪ੍ਰਾਣੀ ਮਾਤਰ ਦੇ ਲਈ ਇਕੋ ਜਿਹਾ ਸਕਝਦੇ ਸੀ? ਤੇ ਉਹਨਾਂ ਆਪਣੇ ਇਸ ਬਚਨ :-

**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥** (ਅੰਗ ੯੭)

ਨੂੰ ਸਿਖੀ ਦੀ ਵਰਤੋਂ ਵਿਚ ਆਉਣ ਵਾਲਾ ਅਸੂਲ ਹੋਣਾ ਚਾਹੀਦਾ ਹੈ ਦਸ ਖੁਦ ਦੇਸ਼ ਦੇਸ਼ਾਂਤਰਾਂ ਦੇ ਮਤ ਮਤਾਂਤਰਾਂ ਵਿਚ ਰਟਨ ਕਰਕੇ ਅਮਲੀ ਵਰਤੋਂ ਕਰ ਦਸੀ।

ਸ੍ਰੀ ਗੁਰੂ ਅਮਰਦਾਸ ਜੀ ਪਾਸ ਪ੍ਰਿਥੀ ਮਲ ਤੇ ਤੁਲਸਾ ਆਏ, ਉਹਨਾਂ ਜਾਤਿ ਅਭਿਮਾਨ ਦੀਆਂ ਬਹੁਤ ਸਾਰੀਆਂ ਗੱਲਾਂ ਕਹੀਆਂ।

**ਸ੍ਰੀ ਗੁਰੁ ਅਮਰ ਭਨਜੋ ਸੁਨਿ ਸੋਇ।**
**ਜਾਤਿ ਪਾਤ ਗੁਰ ਕੀ ਨਹਿੰ ਕੋਇ॥੧੦॥**

**ਉਪਜਹਿਂ ਜੇ ਸਰੀਰ ਜਗ ਮਾਂਹੀ।**
**ਇਨ ਕੀ ਜਾਤਿ ਸਾਚ ਸੋ ਨਾਂਹੀ।**
**ਬਿਨਸਿ ਜਾਤ ਇਹੁ ਜਰਜਰਿ ਹੋਇ।**
**ਆਗੇ ਜਾਤਿ ਜਾਤ ਨਹਿੰ ਕੋਇ॥੧੧॥**

**ਸ੍ਰੀ ਮੁਖਵਾਕ॥**
**'ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥**
**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ'॥** (ਅੰਗ ੪੬੯)

**ਇਮ ਸ੍ਰੀ ਨਾਨਕ ਬਾਕ ਉਚਾਰਾ।**
**ਆਗੇ ਜਾਤਿ ਨ ਜੋਰ ਸਿਧਾਰਾ।**
**ਉਪਜੈਂ ਤਨ ਇਤਹੀ ਬਿਨਸੰਤੇ।**
**ਆਗੇ ਸੰਗ ਨ ਕਿਸੇ ਚਲੰਤੇ॥੧੨॥**
**ਸਿਮਰਹੋ ਜਿਨ ਸਤਿਨਾਮ ਸਦੀਵਾ।**
**ਸਿੱਖਨ ਸੇਵ ਕਰੀ ਮਨ ਨੀਵਾਂ।**
**ਤਿਨ ਕੀ ਪਤਿ ਲੇਖੇ ਪਰ ਜਾਇ।**
**ਜਾਤਿ ਕੁਜਾਤਿ ਨ ਪਰਖਹਿੰ ਕਾਇੰ॥੧੩॥**

(ਗੁਰੂ ਪ੍ਰਤਾਪ ਸੂਰਜ ਰਾ: ੧, ਅੰ: ੪੩)

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਭਾਈ ਢੇਸਾ ਤੇ ਭਾਈ ਜੋਧਾ ਆਏ, ਉਹਨਾਂ ਬੇਨਤੀ ਕੀਤੀ ਕਿ ਸਾਨੂੰ ਹਿੰਦੂ ਤੰਗ ਕਰਦੇ ਹਨ ਤੇ ਕਹਿੰਦੇ ਹਨ ਕਿ ਤੁਹਾਡੇ ਗੁਰਾਂ ਨੇ-

**ਪੰਥ ਨਵੀਨ ਪ੍ਰਕਾਸ਼ਨ ਕਰਜੋ।**
**ਭੇਦ ਬਰਨ ਜਾਤੀ ਪਰਹਰਜੋ।**
**ਚਤੁਰ ਬਰਨ ਏਕ ਦੇਗ਼ ਅਹਾਰਾ।**
**ਇਕ ਸਮ ਸੇਵਹਿੰ ਧਰਿ ਉਰਪਜਾਰਾ।**

(ਗੁਰ ਪ੍ਰਤਾਪ ਸੂਰਜ ਰਾਸ ੧, ਅੰ: ੪੩)

ਤੇ ਇਹਨਾਂ ਨੇ ਅਕਬਰ ਪਾਸ ਜਾਕੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਬਤ ਸ਼ਕਾਇਤ ਕੀਤੀ ਹੈ ਕਿ ਇਹਨਾਂ ਨੇ :-

**ਚਤੁਰ ਬਰਨ ਕੋ ਇਕ ਮਤ ਕਰਯੋ।**
**... ... ... ...**
**ਇਕ ਥਲ ਭੋਜਨ ਸਭਿ ਕੋ ਖਈ।**
**ਸ਼ੰਕਰਿ ਬਰਨ ਪ੍ਰਜਾ ਅਬਿ ਭਈ॥੩੨॥**

(ਗੁਰ ਪ੍ਰਤਾਪ ਸੂਰਯ ਰਾਮ ੧, ਅੰ: ੪੩)

ਵਿਚ ਇਸੇ ਗ੍ਰੰਥ ਦੇ ਵਿਚ ਗੁਰੂ ਸਾਹਿਬ ਦੀ ਜ਼ਬਾਨੀ ਬਿਸ਼ੰਭਰ ਨੂੰ ਉਪਦੇਸ਼ ਇਸ ਪ੍ਰਕਾਰ ਲਿਖਿਆ ਹੈ :-

**ਬਡੇ ਲਘੁ ਕੋ ਭੇਦ ਨਹਿ ਸਿੱਖਜਾ ਲੇਵੈ ਸਿੱਖ।**
**ਬਰਣ ਜਾਤ ਕੋ ਦੂਰ ਧਰਿ ਐਸੇ ਸਿੱਖ ਸੁਲੱਖ॥੧॥**

(ਰੁਤਿ ੫, ਅੰ: ੧੫)

੧੭੫੮ ਬਿਕਰਮੀ ਨੂੰ ਭਾਈ ਰਾਮ ਸਿੰਘ ਜ਼ਖਮੀ ਹੋਕੇ ਜੰਗ ਵਿਚ ਡਿਗ ਪਿਆ, ਉਸਨੂੰ ਮੁਸਲਮਾਨਾਂ ਫੜ ਖੜਿਆ ਤੇ ਇਸਲਾਮ ਵਿਚ ਦਾਖਲ ਕਰ ਲਿਆ, ਜਦ ਇਹ ਅਰੋਗ ਹੋ ਗਿਆ ਤਦ ਫਿਰ ਖਾਲਸੇ ਪਾਸ ਆ ਗਿਆ, ਗੁਰੂ ਸਾਹਿਬ ਨੇ ਉਸਨੂੰ ਸਿੰਘ ਸਜਾ ਲਿਆ।

(ਸੂਰਜ ਪ੍ਰਕਾਸ਼ ਰੁਤਿ ੬, ਅਧਜਾਇ ੧੮)

੧੭੬੧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦਾ ਜੰਗ ਜਿਤ ਕੇ ਅਬਲੂ ਮੈਹਮੇ ਪਿੰਡ ਪਾਸ ਉਤਾਰਾ ਕੀਤਾ, ਉਸ ਇਲਾਕੇ ਦਾ ਬਹਿਮੀਂ ਸ਼ਾਹ ਸਯਦ ਗੁਰੂ ਜੀ ਦੇ ਪਾਸ ਆਇਆ ਤੇ ਖਾਲਸਾ ਧਰਮ ਵਿੱਚ ਸ਼ਾਮਲ ਹੋਣ ਦੀ ਬਿਨੈ ਕੀਤੀ, ਜਿਸਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਕੇ ਸਿੰਘ ਸਜਾਇਆ ਤੇ ਮਹਿਮਾ ਸਿੰਘ ਨਾਮ ਰਖਜਾ।

(ਪ੍ਰਿਥਮ ਅਧਿਆਏ ੧੦)

ਜਦ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਕਸ਼ਮੀਰ ਦੀ ਬ੍ਰਿਧ ਮਾਈ ਦੇ ਪ੍ਰੇਮ ਦੇ ਤੇ ਸਿਖੀ ਸਿਦਕ ਦੇ ਖਿਚੇ ਕਸ਼ਮੀਰ ਗਏ, ਤਾਂ ਇਕ ਦਿਨ 6 ਹਿੰਦੂ ਜੋ ਮੁਸਲਮਾਲ ਹੋਏ ਹੋਏ ਸੀ ਗੁਰੂ ਜੀ ਦੀ ਸ਼ਰਨ ਆਏ ਜਿਨ੍ਹਾਂ ਨੂੰ ਗੁਰੂ ਜੀ ਨੇ ਅਭੇਦ ਕਰ ਲਿਆ।

(ਬਿਜੈ ਮੁਕਤ ਸਾਖੀ 74)

ਇਕ ਸਿੰਘ ਨੇ ਇਕ ਮੁਸਲਮਾਨੀ ਨੂੰ ਸ਼ੁਧ ਕਰਕੇ ਉਸਦੇ ਨਾਲ ਅਨੰਦ ਪੜ੍ਹਾ ਲਿਆ। ਜਦ ਇਹ ਜੋੜੀ ਆਨੰਦਪੁਰ ਸਾਹਿਬ ਸ੍ਰੀ ਗੁਰੂ ਜੀ ਦੇ ਹਜੂਰ ਹਾਜ਼ਰ ਹੋਈ, ਤਦ ਗੁਰੂ ਜੀ ਨੇ ਇਨ੍ਹਾਂ ਨੂੰ ਸੰਗਤ ਵਿਚ ਅਭੇਦ ਰਖਜਾ।

ਇਹ ਤੇ ਐਹੋ ਜਹੇ ਹੋਰ ਅਨੇਕਾਂ ਦਰਿਸ਼ਟਾਂਤ ਸਿਖ ਇਤਹਾਸ ਵਿਚ ਮਿਲਦੇ ਹਨ, ਜਿਨ੍ਹਾਂ ਤੋਂ ਇਹ ਗਲ ਸਪਸ਼ਟ ਪ੍ਰਗਟ ਹੋ ਜਾਂਦੀ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਉਪਦੇਸ਼ ਤੇ ਵਰਤੋਂ ਨਾਲ ਸਿਖ ਧਰਮ ਨੂੰ ਪ੍ਰਾਣੀ ਮਾਤਰ ਲਈ ਦਸਿਆ ਹੈ। ਸਿਖ ਧਰਮ ਦੇ ਦਰਵਾਜ਼ੇ ਜੇ ਕਿਸੇ ਜਾਤੀ ਲਈ ਅਜ ਬੰਦ ਕੀਤੇ ਜਾਂਦੇ ਹਨ, ਤਦ ਇਹ ਗੁਰਮਤ ਤੇ ਗੁਰ ਆਸ਼ੇ ਦੇ ਉਕਾ ਵਿਰੁੱਧ ਹੈ। ਕਿਉਂਕਿ ਸ੍ਰੀ ਗੁਰੂ ਕਲਗੀਧਰ ਜੀ ਤਾਂ ਡੰਕੇ ਦੀ ਚੋਟ ਨਾਲ ਹੋਕਾ ਦੇ ਕੇ ਕੈਹੰਦੇ ਹਨ :-

**ਜਾਤ ਵਰਨ ਦੀ ਕਾਨ ਤਜ ਮਿਲਹਿ ਖਾਲਸੇ ਸੰਗ**
**ਗੁਰਬਾਣੀ ਸੋ ਪ੍ਰੇਮ ਕਰ ਮਨ ਰਪ ਗੂੜ੍ਹਾ ਰੰਗ।।**

**-ਖਾਲਸਾ ਸਮਾਚਾਰ, 4 ਨਵੰਬਰ, 1920**

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼

❖ ਹਰਪਾਲ ਸਿੰਘ ਪੰਨੂ

ਭਾਰਤ ਵਿੱਚ ਇਮਾਰਤਸਾਜ਼ੀ ਦੋ ਮੁੱਖ ਵਰਗਾਂ ਵਿੱਚ ਵੰਡੀ ਹੋਈ ਸੀ, ਹਿੰਦੂ ਆਰਟ ਅਤੇ ਇਸਲਾਮੀ ਆਰਟ। ਰਾਮ ਸਿੰਘ ਜਾਣ ਗਿਆ ਇਹ ਵਰਗ ਵੰਡ ਸਹੀ ਨਹੀਂ, ਇਹ ਵੰਡ ਕੇਵਲ ਧਾਰਮਿਕ ਥਾਵਾਂ ਤੇ ਹੈ। ਕਿਲ੍ਹੇ, ਸਰਾਵਾਂ, ਰਿਹਾਇਸ਼ਾਂ ਉੱਤੇ ਆਰਟ ਦੀ ਇਹ ਵੰਡ ਇਸ ਤਰ੍ਹਾਂ ਨਹੀਂ। ਰਾਮ ਸਿੰਘ ਨੇ ਵਿੱਦਿਅਕ ਸੰਸਥਾਵਾਂ, ਹਸਪਤਾਲ ਅਤੇ ਮਹਿਲ ਉਸਾਰਨੇ ਸਨ, ਇਸ ਲਈ ਇਮਾਰਤਾਂ ਵਿੱਚ ਧਰਮ ਦਾ ਦਖ਼ਲ ਨਹੀਂ ਹੋਵੇਗਾ। ਹਾਂ, ਜੇ ਉਸਨੂੰ ਅੰਮ੍ਰਿਤਸਰ ਵਿੱਚ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦਗਾਰ ਉਸਾਰਨੀ ਪਈ ਤਦ ਉਸਨੇ ਸਿੱਖ ਸ਼ਿਲਪਕਾਰੀ ਵਿਚ ਮੜ੍ਹਕੇ ਸ਼ਾਨਦਾਰ ਗੁਰਦੁਆਰਾ ਉਸਾਰਿਆ।

1798 ਵਿੱਚ ਜਦ ਕੰਪਨੀ ਨੇ ਵੈਲਜ਼ਲੀ ਨੂੰ ਭਾਰਤ ਦਾ ਗਵਰਨਰ ਜਨਰਲ ਥਾਪ ਕੇ ਭੇਜਿਆ, ਦਿੱਤੀ ਗਈ ਰਿਹਾਇਸ਼ ਉਸਨੂੰ ਪਸੰਦ ਨਾ ਆਈ। ਮੈਂ ਭਾਰਤ ਦਾ ਹਾਕਮ ਦਿਸਣਾ ਚਾਹੀਦਾ ਹਾਂ ਨਾ ਕਿ ਲੂਣ ਤੇਲ ਵੇਚਣ ਵਾਲਾ ਪੇਂਡੂ ਹਟਵਾਣੀਆਂ। ਕਲਕੱਤਿਓਂ ਬਾਹਰਵਾਰ ਉਸਨੇ ਆਪਣੇ ਲਈ 26 ਏਕੜ ਜ਼ਮੀਨ ਖ਼ਰੀਦੀ ਤੇ ਸ਼ਾਨਦਾਰ ਮਹਿਲ ਉਸਾਰਨ ਦਾ ਫੈਸਲਾ ਕੀਤਾ। ਕੰਪਨੀ ਡਾਇਰੈਕਟਰਾਂ ਨੇ ਏਨੇ ਵੱਡੇ ਖ਼ਰਚੇ ਤੇ ਬੁੜ ਬੁੜ ਕੀਤੀ ਤੇ 1805 ਵਿੱਚ ਵਾਪਸ ਬੁਲਾ ਲਿਆ। ਪਰਜਾ ਅਤੇ ਹਾਕਮ ਵਿੱਚ ਫ਼ਰਕ ਹੁੰਦਾ ਹੈ, ਉਸਦਾ ਇਹ ਖ਼ਿਆਲ ਖ਼ਤਮ ਨਹੀਂ ਹੋਇਆ, ਵਿਕਸਿਤ ਹੁੰਦਾ ਰਿਹਾ। ਇਸ ਖਿਆਲ ਦੀ ਉਪਜ ਸ਼ਾਨਦਾਰ ਇਮਾਰਤਾਂ ਹਨ। ਸਰਕਾਰ ਦੀ ਵਿੱਦਿਆ ਨੀਤੀ ਹੈ, ਰੇਲਵੇ ਨੀਤੀ ਹੈ, ਇਸ ਤਰ੍ਹਾਂ ਇਮਾਰਤਸਾਜ਼ੀ ਦੀ ਨੀਤੀ ਹੋਣੀ ਜ਼ਰੂਰੀ ਹੈ।

ਸੱਯਦ ਮੁਹੰਮਦ ਲਤੀਫ਼ ਸੀ ਤਾਂ ਤਹਿਸੀਲਦਾਰ ਪਰ ਸਰਕਾਰ ਦਾ ਸਿੱਕੇਬੰਦ ਵਫਾਦਾਰ ਮੁਲਾਜ਼ਮ ਹੋਣ ਕਰਕੇ ਉਸਨੂੰ ਕੁਝ ਕੁ ਸ਼ਕਤੀ ਮੈਜਿਸਟ੍ਰੇਟ ਦੀ ਦਿੱਤੀ ਹੋਈ ਸੀ। ਉਹ ਆਪੇ ਬਣਿਆ ਇਤਿਹਾਸਕਾਰ ਵੀ ਸੀ। ਸਾਲ 1892 ਵਿੱਚ ਉਸਨੇ ਲੇਖ ਲਿਖਿਆ, 'ਬ੍ਰਿਟਿਸ਼ ਸਭਿਅਤਾ ਦਾ ਜਾਦੂ।' ਇਸ ਵਿੱਚ ਕਹਿੰਦਾ ਹੈ ਕਿ ਬਰਤਾਨਵੀ ਰਾਜ ਹਿੰਦੁਸਤਾਨ ਉੱਪਰ ਰਹਿਮਤ ਬਣ ਕੇ ਆਇਆ ਹੈ। ਭਾਰਤ ਖ਼ੁਸ਼, ਖ਼ੁਸ਼ਹਾਲ, ਮਜ਼ਬੂਤ ਅਤੇ ਇਕਜੁੱਟ ਹੋ ਗਿਆ ਹੈ। ਜੋਸ਼ ਵਿੱਚ ਆ ਕੇ ਭਾਰਤੀ ਜਵਾਨ ਆਪਣੇ ਆਪ ਨੂੰ ਕਿਤੇ ਅੰਗਰੇਜ਼ ਦੇ ਬਰਾਬਰ ਨਾ ਸਮਝਣ ਲੱਗ ਜਾਣ, ਹਾਕਮਾਂ ਨਾਲ ਈਰਖਾ ਨਾ ਕਰਨ, ਜੇ ਇਉਂ ਕੀਤਾ ਤਾਂ ਰੱਬੀ ਕਹਿਰ ਟੁੱਟੇਗਾ। ਆਪਣੇ ਹਾਕਮਾਂ ਦੀ ਇੱਜ਼ਤ ਕਰੋ ਅਤੇ ਵੱਡੇ ਤੋਂ ਵੱਡੇ ਮਰਾਤਬੇ ਵਾਲਾ ਭਾਰਤੀ ਉਨ੍ਹਾਂ ਦੇ ਛੋਟੇ ਤੋਂ ਛੋਟੇ ਮੁਲਾਜ਼ਮ ਨੂੰ ਆਪਣਾ ਮਾਲਕ ਮੰਨੇ।

ਹਾਕਮ ਜਮਾਤ ਅਤੇ ਭਾਰਤੀ ਪਰਜਾ ਵਿਚਕਾਰ ਵੱਡੀ ਵਿੱਥ ਹੋਣੀ ਤੇ ਰਹਿਣੀ ਜ਼ਰੂਰੀ ਸੀ ਇਸ ਕਰਕੇ ਅੰਗਰੇਜ਼ਾਂ ਦੀ ਬਸਤੀ ਆਮ ਵੱਸੋਂ ਤੋਂ ਦੂਰ ਰਹੇ। ਦੇਸੀ ਵੱਸੋਂ ਅਤੇ ਹਾਕਮ ਵਸੋਂ ਵਿਚਕਾਰ ਰੇਲਵੇ ਲਾਈਨ, ਸੜਕ, ਨਹਿਰ ਜਾਂ ਨਦੀ ਹੋਣੀ ਜ਼ਰੂਰੀ ਹੈ। ਸਿਟੀ ਕਲੱਬ, ਇਲੀਟ ਕਲੱਬ ਬਣਾਏ ਗਏ ਜਿਨ੍ਹਾਂ ਦੁਆਲੇ ਕੰਧ ਨਹੀਂ ਕੱਢੀ ਗਈ, ਤਾਰਾਂ ਅਤੇ ਥੰਮ੍ਹੀਆਂ ਨਾਲ ਰੋਕਾਂ ਲਾਈਆਂ ਤਾਂ ਕਿ ਦੇਸੀ ਲੋਕ ਆ ਨਾ ਸਕਣ ਪਰ ਕਲੱਬ ਵਿੱਚ ਹੁੰਦੀਆਂ ਰੌਣਕਾਂ ਦੂਰੋਂ ਦੇਖ ਸਕਣ। ਵਿਸ਼ਾਲ ਮੈਦਾਨ ਵਿੱਚ ਹਰਾ ਕਚੂਰ ਘਾਹ, ਸੁਹਣੇ ਦਰੱਖ਼ਤ, ਵਾੜਾਂ ਦੀਆਂ ਕਤਾਰਾਂ, ਰੌਸ਼ਨੀਆਂ ਦਾ ਗਲੈਮਰ, ਖੇਡਾਂ, ਵਾਈਨ ਵਿਸਕੀ ਦੀ ਬਾਰ, ਵਜਦਾ ਸੰਗੀਤ, ਛਲਕਦੇ ਜਾਮ, ਸਾਹਿਬ ਲੋਕ ਮੇਮਾਂ ਨਾਲ ਨੱਚ ਰਹੇ ਦਿਸਦੇ। ਭਾਰਤੀਆਂ ਵਾਸਤੇ ਤਾਂ ਇਹ ਕੋਈ ਇੰਦਰ ਸਭਾ ਹੁੰਦੀ। ਇਸ ਦਾ ਮਨੋਰਥ ਦੇਸੀ ਮਾਨਸਿਕਤਾ ਨੂੰ ਕਮਜ਼ੋਰ ਕਰਨਾ ਹੁੰਦਾ, ਭਾਰਤੀ ਲੋਕ ਇਹ ਸਮਝਣ ਕਿ ਅਸੀਂ ਕਿਸੇ ਤਰ੍ਹਾਂ ਵੀ ਗੋਰਿਆਂ ਦੇ ਬਰਾਬਰ ਨਹੀਂ ਪੁੱਜ ਸਕਦੇ। ਜਦੋਂ 1947 ਵਿੱਚ ਭਾਰਤ ਆਜ਼ਾਦ ਹੋਇਆ, ਕੁਝ ਜੁਆਨ ਇੰਗਲੈਂਡ ਵਿੱਚ ਰੁਜ਼ਗਾਰ ਦੀ ਤਲਾਸ਼ ਵਿੱਚ ਗਏ। ਮੁੰਡੇ ਨੇ ਆਪਣਾ ਘਰ ਦਿਖਾਣ ਵਾਸਤੇ ਮਾਪਿਆਂ ਨੂੰ



**ਭਾਈ ਰਾਮ ਸਿੰਘ (1911) ਸੁਸ਼ੋਭਿਤ ਪੰਜ ਮੈਡਲਾਂ ਨਾਲ**
**(ਇਹ ਮੈਡਲ ਹਨ- ਸਰਦਾਰ ਸਾਹਿਬ, ਸਰਦਾਰ ਬਹਾਦਰ, ਐਮ.ਵੀ.ਓ., ਕੇਸਰ-ਏ-ਹਿੰਦ ਅਤੇ ਦਿੱਲੀ ਦਰਬਾਰ)**

ਸੱਦਿਆ। ਇਹ ਮਾਪੇ ਅੰਗਰੇਜ਼ੀ ਰਾਜ ਦੌਰਾਨ ਜੰਮੇ ਪਲੇ ਸਨ। ਬਾਪੂ ਨੇ ਦੇਖਿਆ ਜਹਾਜਘਰ ਵਿੱਚ ਇੱਕ ਗੋਰਾ ਝਾੜੂ ਲਾ ਰਿਹਾ ਹੈ ਤਦ ਗੋਰੇ ਨੂੰ ਸਲੂਟ ਮਾਰਕੇ ਉਸਦੇ ਹੱਥੋਂ ਝਾੜੂ ਆਪਣੇ ਹੱਥ ਵਿੱਚ ਫੜ ਕੇ ਕਿਹਾ- ਹਜ਼ੂਰ ਇਹ ਕੰਮ ਤੁਹਾਡੀ ਸ਼ਾਨ ਦੇ ਲਾਇਕ ਨਹੀਂ ਹੈ। ਮੈਂ ਝਾੜੂ ਲਾਵਾਂਗਾ। ਇਹ ਸਾਡਾ ਭਾਰਤੀਆਂ ਦਾ ਕੰਮ ਹੈ।

ਪੁਰਾਣੀਆਂ ਦੁਕਾਨਾਂ ਦੀ ਬਣਤਰ ਅਜਿਹੀ ਹੁੰਦੀ ਸੀ ਕਿ ਦੁਕਾਨਦਾਰ ਦੁਕਾਨ ਵਿੱਚ ਰਹੇ ਤੇ ਗਾਹਕ ਗਲੀ ਵਿੱਚ ਖਲੋਤਾ ਕਿਸੇ ਚੀਜ਼ ਦੀ ਮੰਗ ਕਰੇ। ਇਹ ਤਰੀਕਾ ਗੋਰੇ ਲਈ ਬੇਇੱਜ਼ਤੀ ਵਾਲਾ ਸੀ। ਸੋ ਨਵੀਂ ਆਬਾਦੀ ਵਿੱਚ ਨਵਾਂ ਬਾਜ਼ਾਰ ਵਿਕਸਿਤ ਕੀਤਾ, ਵੱਡੇ ਸ਼ੋਅਰੂਮ ਬਣਾਏ ਜਿੱਥੇ ਸਾਹਬ ਅਤੇ ਮੇਮਾਂ ਅੰਦਰ ਆਰਾਮ ਨਾਲ ਬੈਠ ਕੇ ਕੁਝ ਪਸੰਦ ਕਰ ਸਕਣ। ਇਨ੍ਹਾਂ ਬਜ਼ਾਰਾਂ ਵਿੱਚ ਦੇਸੀ ਬੰਦਿਆਂ ਦਾ ਦਾਖ਼ਲਾ ਵਰਜਿਤ ਸੀ। ਦੁਕਾਨਦਾਰ ਗੋਰੇ, ਪਾਰਸੀ ਜਾਂ ਐਂਗਲੋ-ਇੰਡੀਅਨ ਹੁੰਦੇ। ਮੈਕਾਲੇ ਦਾ ਪ੍ਰਸਿੱਧ ਵਾਕ ਪਾਠਕਾਂ ਨੇ ਸੁਣਿਆ ਹੀ ਹੋਣਾ, "ਅਲਮਾਰੀ ਦੇ ਇੱਕ ਰਖਣੇ ਵਿੱਚ ਪਈਆਂ ਯੋਰਪੀਨ ਕਿਤਾਬਾਂ ਵਿੱਚ ਭਾਰਤ ਅਤੇ ਅਰਬ ਦੇ ਕੁੱਲ ਸਾਹਿਤ ਬਰਾਬਰ ਗਿਆਨ ਹੈ।"

ਲਤੀਫ਼ ਦੀ ਲਿਖਤ ਏਨੀ ਇੱਕ ਪਾਸੜ ਕਿ ਜਿਹੜੀਆਂ ਸ਼ਾਨਦਾਰ ਬਿਲਡਿੰਗਾਂ ਰਾਮ ਸਿੰਘ ਨੇ ਉਸਾਰੀਆਂ, ਰਾਮ ਸਿੰਘ ਦਾ ਜ਼ਿਕਰ ਨਹੀਂ ਕਰਦਾ, ਸਗੋਂ ਲਿਖਦਾ ਹੈ ਐਕਸੀਅਨ ਨੇ ਬਣਾਈਆਂ। ਰਾਮ ਸਿੰਘ ਦਾ ਜ਼ਿਕਰ ਕਰਨ ਦੀ ਕੀ ਲੋੜ ਜਿਸਦਾ ਰੁਤਬਾ ਡ੍ਰਾਫਟਸਮੈਨ ਦਾ ਸੀ। ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸੈਨੇਟ ਹਾਲ ਉੱਤੇ ਰਾਮ ਸਿੰਘ ਦਾ ਨਾਮ ਲਿਖ ਦੇਣਾ ਅਚੰਭੇਜਨਕ ਘਟਨਾ ਹੈ।

ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਇੰਗਲੈਂਡ ਮੁਕਾਬਲੇ ਜਰਮਨਾਂ ਅਤੇ ਫਰਾਂਸੀਸੀਆਂ ਦਾ ਮਾਲ ਵਿਕਣ ਲਈ ਮੁਕਾਬਲੇ ਵਿੱਚ ਆ ਗਿਆ ਜੋ ਦਿਖਣ ਨੂੰ ਸੁਹਣਾ ਅਤੇ ਮੁੱਲ ਵਿੱਚ ਸਸਤਾ ਸੀ। ਗਾਹਕ ਨੂੰ ਹੋਰ ਕੀ ਚਾਹੀਦਾ ਹੈ? ਅੰਗਰੇਜ਼ੀ ਵਸਤਾਂ ਦੀ ਵਿਕਰੀ ਨੂੰ ਸੱਟ ਵੱਜੀ। ਇਸ ਦਾ ਕੀ ਹੱਲ ਹੋਵੇ? ਭਾਰਤੀ ਕਾਰੀਗਰ ਜੇ ਆਧੁਨਿਕ ਆਰਟ ਤੋਂ ਅਨਜਾਣ ਰਹੇ ਫਿਰ ਅੰਗਰੇਜ਼ੀ ਮੰਡੀ ਵਿੱਚ ਮੰਦਾ ਆਇਗਾ ਹੀ ਆਇਗਾ। ਸਾਲ 1835 ਵਿੱਚ ਇਸ ਦਾ ਹੱਲ ਲੱਭਣ ਲਈ ਪਾਰਲੀਮਾਨੀ ਕਮੇਟੀ ਬਣੀ ਜਿਸ ਨੇ ਸੁਝਾਅ ਦਿੱਤਾ ਕਿ ਕਮਰਸ਼ਿਅਲ ਆਰਟ ਦੀ ਸਿਖਲਾਈ ਦੇਣ ਵਾਲੇ ਸਕੂਲ ਖੋਲ੍ਹੇ ਜਾਣ। ਸਰਕਾਰ ਨਹੀਂ, ਉਦਯੋਗਪਤੀ ਇਨ੍ਹਾਂ ਦਾ ਖ਼ਰਚਾ ਉਠਾਉਣ ਕਿਉਂਕਿ ਲਾਭਪਾਤਰੀ ਉਹੀ ਹੋਣਗੇ। ਭਾਰਤੀ ਕਾਰੀਗਰ ਗ਼ਰੀਬ ਸਨ, ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਫ਼ੀਸ ਨਹੀਂ ਦੇ ਸਕਦੇ। ਦਰੀਆਂ, ਖੇਸ, ਸ਼ਾਲ, ਨਾਲੇ, ਪੱਖੀਆਂ, ਸਿਲਾਈ, ਕਢਾਈ, ਕਤਾਈ ਦਾ ਕੰਮ ਔਰਤਾਂ ਕੁੜੀਆਂ ਘਰਾਂ ਵਿੱਚ ਕਰੀ ਜਾਂਦੀਆਂ, ਉਨ੍ਹਾਂ ਨੂੰ ਕਿਸ ਨੇ ਸਕੂਲ ਭੇਜਣਾ ਸੀ? ਵੱਧ ਤੋਂ ਵੱਧ ਉਹ ਦਾਈ ਦਾ ਕੰਮ ਸਿੱਖਣ ਵਿੱਚ ਰੁਚੀ ਲੈ ਸਕਦੀਆਂ ਸਨ। ਵੱਡੇ ਘਰਾਂ ਵਿੱਚ ਸਫ਼ਾਈ ਧੁਆਈ ਕਰਨ ਦੀ ਨੌਕਰੀ ਵਾਸਤੇ ਕਿਸੇ ਟ੍ਰੇਨਿੰਗ ਦੀ ਲੋੜ ਨਹੀਂ।

1849 ਵਿੱਚ ਫਰਾਂਸ ਸਰਕਾਰ ਨੇ ਕਲਾਕਾਰਾਂ ਦਾ ਵਿਸ਼ਾਲ ਮੇਲਾ ਲਾਇਆ ਤੇ ਆਪੋ ਆਪਣੀਆਂ ਕਲਾਕ੍ਰਿਤਾਂ ਵੇਚਣ ਦੀ ਸਹੂਲਤ ਦਿੱਤੀ। ਇਸ ਨਾਲ ਸਰਕਾਰ ਅਤੇ ਕਲਾਕਾਰਾਂ ਨੂੰ ਲਾਭ ਹੋਇਆ। ਦੇਖ ਕੇ ਮਲਿਕਾ ਵਿਕਟੋਰੀਆ ਨੇ 1851 ਵਿੱਚ ਇਸੇ ਤਰਜ਼ ਤੇ ਲੰਡਨ ਦੇ ਹਾਈਡ-ਪਾਰਕ ਵਿੱਚ ਮੇਲਾ ਲੁਆਇਆ। ਇਹ ਮੇਲਾ ਏਨਾ ਕਾਮਯਾਬ ਕਿ ਇੱਕ ਲੱਖ ਛਿਆਸੀ ਹਜ਼ਾਰ ਪੌਂਡ ਦੀ ਕਮਾਈ ਹੋਈ। ਧਿਆਨ ਦੇਣ ਵਾਲੀ ਗੱਲ ਇਹ



**ਦਰਬਾਰ ਹਾਲ 'ਚ ਕੰਮ ਕਰਦੇ ਹੋਏ ਭਾਈ ਰਾਮ ਸਿੰਘ।**
**(ਧੰਨਵਾਦ ਸਹਿਤ : ਇੰਗਲਿਸ਼ ਹੈਰੀਟੇਜ ਫ਼ੋਟੋ ਲਾਇਬ੍ਰੇਰੀ)**

ਕਿ ਵੇਚਿਆ ਗਿਆ ਮਾਲ ਬਹੁਤਾ ਭਾਰਤੀ ਸੀ। ਗੁਸਤਾਵ ਫਲਾਬੇਅਰ ਅਤੇ ਰਸਕਿਨ ਵਰਗੇ ਚਿੰਤਕਾਂ ਨੇ ਕਿਹਾ, "ਸਾਡੇ ਕਾਰਖ਼ਾਨੇ, ਹੱਥਾਂ ਨਾਲ ਬਣਾਏ ਸਾਮਾਨ ਨਾਲ ਕੀ ਮੁਕਾਬਲਾ ਕਰਨਗੇ?" ਕਢਾਈ, ਖੁਣਾਈ ਅਤੇ ਰੰਗਾਂ ਦੇ ਡਿਜ਼ਾਈਨ ਦੇਖ ਕੇ ਯੋਰਪੀ ਗਾਹਕ ਦੰਗ ਰਹਿ ਗਏ। ਮੇਲੇ ਦੀ ਕਮਾਈ ਵਿੱਚੋਂ ਪਹਿਲਾ ਆਰਟ ਸਕੂਲ ਲੰਡਨ ਵਿੱਚ ਸਥਾਪਿਤ ਕੀਤਾ। ਜੋ ਮਾਲ ਵਿਕਣੋ ਰਹਿ ਗਿਆ ਉਸ ਵਾਸਤੇ ਅਜਾਇਬਘਰ ਬਣਾ ਕੇ ਸਕੂਲ ਨਾਲ ਜੋੜ ਦਿੱਤਾ ਤਾਂ ਕਿ ਵਿਦਿਆਰਥੀ ਇਨ੍ਹਾਂ ਭਾਰਤੀ ਨਮੂਨਿਆਂ ਤੋਂ ਕੁਝ ਸਿੱਖ ਸਕਣ। ਕਾਰਖ਼ਾਨਿਆਂ ਦੀਆਂ ਵਸਤਾਂ ਗ਼ਰੀਬ ਗਾਹਕ ਖ਼ਰੀਦਦੇ, ਅਮੀਰ ਵਧੇਰੇ ਪੈਸੇ ਖਰਚ ਕੇ ਹੱਥੀਂ ਬਣਿਆ ਮਾਲ ਖਰੀਦਦੇ। ਇਸ ਨਾਲ ਲਾਭ ਦੀ ਹੱਦ ਬਹੁਤ ਉੱਚੀ ਹੁੰਦੀ ਕਿਉਂਕਿ ਭਾਰਤੀ ਕਾਰੀਗਰਾਂ ਤੋਂ ਬਹੁਤ ਸਸਤਾ ਖ਼ਰੀਦਦੇ। ਦਰੀਆਂ, ਚਾਦਰਾਂ, ਪਰਦਿਆਂ ਦੀ ਕਢਾਈ ਨੇ ਪੂਰੇ ਯੋਰਪ ਵਿੱਚ ਧੁੰਮਾ ਪਾ ਦਿੱਤੀਆਂ। ਜੇਲ੍ਹਾਂ ਵਿਚਲੇ ਕੈਦੀਆਂ ਤੋਂ ਤਾਂ ਇਹ ਕੰਮ ਮੁਫ਼ਤ ਵਿੱਚ ਕਰਵਾ ਲਿਆ ਜਾਂਦਾ, ਅੰਗਰੇਜ਼ ਦਸਦੇ ਇਹ ਹੁੰਦੇ ਕਿ ਜਦੋਂ ਰਿਹਾਅ ਹੋਣਗੇ ਉਦੋਂ ਬੇਰੁਜ਼ਗਾਰ ਨਾ ਰਹਿਣ, ਇਸ ਕਰਕੇ ਕੰਮ ਦੀ ਟ੍ਰੇਨਿੰਗ ਮੁਫ਼ਤ ਦੇ ਰਹੇ ਹਾਂ। ਮਾਲ ਦੀ ਮੰਗ ਏਨੀ ਵਧ ਗਈ ਕਿ ਵਪਾਰੀ ਮੰਗ ਪੂਰੀ ਨਾ ਕਰ ਸਕਦੇ, ਖਿਝ ਕੇ ਕਿਹਾ ਕਰਦੇ- ਭਾਰਤੀ ਲੋਕ ਬੜੇ ਸੁਸਤ ਨੇ, ਚੀਜ਼ਾਂ ਬਣਾਉਣ ਵਿੱਚ ਬੜੀ ਦੇਰ ਕਰ ਦਿੰਦੇ ਨੇ...। ਹਾਥੀ ਦੰਦ ਅਤੇ ਲੱਕੜ ਦੀ ਖੁਣਾਈ ਕਰਨੀ ਕੋਈ ਪਲ ਛਿਣ ਦਾ ਕੰਮ ਥੋੜ੍ਹਾ ਸੀ?

ਕਿਪਲਿੰਗ ਬੰਬਈ ਦੇਖ ਆਇਆ ਸੀ ਵਿਦਿਆਰਥੀ ਆਪਣੇ ਆਪ ਨੂੰ ਵਗਾਰ ਦੇ ਕੈਦੀ ਸਮਝਦੇ, ਕੰਮ ਮੁਕਾਉਣ ਪਿੱਛੋਂ ਪੇਂਟ ਦਾ ਬੁਰਸ਼ ਸਾਫ਼ ਕਰਨਾ ਹੈ, ਕੰਮ ਵਾਲਾ ਮੇਜ਼ ਸਾਫ਼ ਕਰਕੇ ਜਾਣਾ ਹੈ, ਫ਼ਜ਼ੂਲ ਜਾਣਦੇ। ਮਿੱਟੀ ਦੇ ਮਾਡਲ ਤਿਆਰ ਕਰਨ ਨੂੰ ਘੁਮਿਆਰਾਂ ਦਾ ਕੰਮ ਸਮਝਦੇ। ਉਸਤਾਦ ਨੂੰ ਕੰਮ ਕਰਦਾ ਦੇਖ ਕੇ ਵੀ ਉਤਸ਼ਾਹਿਤ ਨਾ ਹੁੰਦੇ। ਪੰਜਾਬ ਦੀ ਜੁਆਨੀ ਉਸਨੂੰ ਵਧੀਕ ਹਿੰਮਤੀ ਲੱਗੀ। ਲੋਕ ਨਿਰਮਾਣ ਵਿਭਾਗ ਦੇ ਅਫ਼ਸਰ ਨੇ ਕਿਪਲਿੰਗ ਨੂੰ ਖ਼ਤ ਲਿਖਿਆ, "ਮੇਓ ਸਕੂਲ ਵਿੱਚ ਪੜ੍ਹਿਆ ਮੇਰੇ ਵਿਭਾਗ ਵਿੱਚ ਇੱਕ

ਜੁਆਨ ਆਇਆ ਹੈ ਜੋ ਬੜਾ ਕੰਮ ਦਾ ਹੈ, ਜਿੰਨੇ ਗੁਣ ਹਨ ਉਸ ਮੁਕਾਬਲੇ ਤਨਖ਼ਾਹ ਮਾਮੂਲੀ। ਪਿਛੋਕੜ ਤੋਂ ਤਰਖਾਣ ਹੈ ਪਰ ਨਿਰਾ ਡਰਾਇੰਗ ਮਾਸਟਰ ਨਹੀਂ। ਜਿਹੜੀਆਂ ਲਕੀਰਾਂ ਕਾਗ਼ਜ਼ ਤੇ ਵਾਹੁੰਦਾ ਹੈ ਉਸਨੂੰ ਉਸ ਵਿੱਚੋਂ ਤਿਆਰ ਕੀਤਾ ਆਖ਼ਰੀ ਸ਼ਾਹਕਾਰ ਦਿਸਦਾ ਹੈ। ਇਹੋ ਜਿਹੇ ਕਾਰੀਗਰਾਂ ਦੀ ਲੋੜ ਹੈ।"

ਕਿਪਲਿੰਗ ਨੂੰ ਯਕੀਨ ਹੋ ਗਿਆ ਉਸਦੀ ਦਿੱਤੀ ਸਿਖਲਾਈ ਸਹੀ ਹੈ। ਰਾਮ ਸਿੰਘ ਨੇ ਕੇਵਲ ਲੱਕੜ ਤ੍ਰਾਸ਼ਣੀ ਨਹੀਂ ਸਿੱਖੀ, ਹਾਥੀ ਦੰਦ, ਸੰਗਮਰਮਰ, ਕਾਂਸੀ, ਤਾਂਬਾ, ਪਿੱਤਲ ਉੱਤੇ ਵੀ ਕਸੀਦਾਕਾਰੀ ਕਰਦਾ ਰਹਿੰਦਾ। ਉਸ ਨੇ ਕਿਪਲਿੰਗ ਨੂੰ ਕਿਹਾ- ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਆਮ ਸਰਟੀਫਿਕੇਟ ਨਹੀਂ ਦੇਣੇ, ਉਨ੍ਹਾਂ ਦੇ ਹਾਸ਼ੀਏ ਮੈਂ ਚਿਤ੍ਰਾਂਗਾ, ਅੰਗਰੇਜ਼ੀ ਦੇ ਅੱਖਰ ਮੈਂ ਡਿਜ਼ਾਈਨ ਕਰਾਂਗਾ। ਦੁਨੀਆ ਦੇਖੇਗੀ ਮੇਓ ਸਕੂਲ ਦੇ ਬੱਚੇ ਆਮ ਨਹੀਂ ਹਨ। ਸਰਟਿਫਿਕੇਟ ਪੜ੍ਹਨ ਤੋਂ ਪਹਿਲਾਂ ਦੇਖਣਸਾਰ ਪਤਾ ਲੱਗੇ ਮੇਓ ਸਕੂਲ ਦਾ ਹੈ।



ਦਰਬਾਰ ਹਾਲ ਦੀ ਅੰਦਰੂਨੀ ਝਲਕ। (ਧੰਨਵਾਦ ਸਹਿਤ : ਇੰਗਲਿਸ਼ ਹੈਰੀਟੇਜ ਫ਼ੋਟੋ ਲਾਇਬ੍ਰੇਰੀ)

ਕਿਪਲਿੰਗ ਨੇ ਸਰਕਾਰ ਨੂੰ ਮਨਾ ਲਿਆ ਕਿ ਮੇਓ ਸਕੂਲ ਦੀ ਆਪਣੀ ਇਮਾਰਤ ਹੋਣੀ ਚਾਹੀਦੀ ਹੈ ਜੋ ਮਿਊਜ਼ੀਅਮ ਦੇ ਨੇੜੇ ਹੋਵੇ। ਰਾਮ ਸਿੰਘ ਨੂੰ ਕਿਹਾ- ਇਸ ਸਕੂਲ ਦੀ ਇਮਾਰਤ ਦਾ ਡਿਜ਼ਾਈਨ ਤੇਰੇ ਤੋਂ ਵਧੀਆ ਕੌਣ ਤਿਆਰ ਕਰੇਗਾ? ਵਜ਼ੀਰ ਖ਼ਾਨ ਦੀ ਮਸਜਿਦ ਵਾਲੀ ਇਮਾਰਤ ਕਲਾ ਤੋਂ ਤਾਂ ਚੱਲੋ ਅੱਗੇ ਨਹੀਂ ਲੰਘ ਸਕਦੇ, ਉਸਦੇ ਨੇੜੇ ਤੇੜੇ ਦਾ ਹੁਨਰ ਤਾਂ ਹੋਵੇ ਹੀ। ਦੁਨੀਆ ਦੇਖੇਗੀ ਅਸੀਂ ਮਰ ਚੁੱਕਾ ਹੁਨਰ ਜਿਉਂਦਾ ਕਰਨ ਦੇ ਸਮਰੱਥ ਹਾਂ। ਇਸ ਸਕੂਲ ਦੇ ਨੈਣ ਨਕਸ਼ ਪੂਰੀ ਤਰ੍ਹਾਂ ਏਸ਼ੀਅਨ ਹੋਣਗੇ। ਖ਼ੁਸ਼ ਹੋ ਕੇ ਰਾਮ ਸਿੰਘ ਨੇ ਕਿਹਾ- ਜਿਸ ਸੰਸਥਾ ਨੇ ਮੈਨੂੰ ਵਿੱਦਿਆ ਦਿੱਤੀ ਉਸ ਦੀ ਇਮਾਰਤ ਕਿਵੇਂ ਉਸਾਰਨੀ ਸ਼ਿੰਗਾਰਨੀ ਹੈ, ਕਿੱਥੇ ਕਿਹੜਾ ਗਹਿਣਾ ਪਹਿਨਾਉਣਾ ਹੈ, ਇਹ ਮੈਂ ਜਾਣਦਾਂ ਸਰ।

ਡਿਜ਼ਾਈਨ ਤਿਆਰ ਕਰਕੇ ਸਰਕਾਰ ਕੋਲ ਮਨਜ਼ੂਰੀ ਵਾਸਤੇ ਭੇਜਿਆ। ਜਵਾਬ ਆਇਆ- ਜਿਹੋ ਜਿਹਾ ਨਕਸ਼ਾ ਬਣਾਇਆ ਹੈ ਉਸ ਅਨੁਸਾਰ ਇਮਾਰਤ ਲਈ ਪੈਸਾ ਨਹੀਂ ਹੈ ਤੇ ਨਾ ਹੀ ਏਨੇ ਖ਼ਰਚੇ ਕਰਨ ਦੀ ਜ਼ਰੂਰਤ ਹੈ। ਸਾਡੇ ਪਾਸ ਤੁਹਾਨੂੰ ਦੇਣ ਲਈ ਕੇਵਲ ਸੈਂਤੀ ਹਜ਼ਾਰ ਰੁਪਈਏ ਹਨ। ਕਿਪਲਿੰਗ ਨੇ ਰਾਮ ਸਿੰਘ ਨੂੰ ਖ਼ਤ ਦਿਖਾਇਆ। ਰਾਮ ਸਿੰਘ ਨੇ ਕਿਹਾ ਸਰਕਾਰ ਨੂੰ ਲਿਖੋ- ਅਸੀਂ ਪੈਸੇ ਵਧੀਕ ਕਦ ਮੰਗੇ ਹਨ? ਜਿੰਨੇ ਦੇ ਸਕਦੇ ਹੋ ਦਿਉ ਪਰ ਨਕਸ਼ਾ ਉਹੀ ਪਾਸ ਕਰੋ ਜੋ ਅਸੀਂ ਤਿਆਰ ਕੀਤਾ ਹੈ। ਅੱਜ ਪੈਸੇ ਨਹੀਂ ਤਾਂ ਸਮੇਂ ਨਾਲ ਪੈਸਿਆਂ ਦੇ ਪ੍ਰਬੰਧ ਅਸੀਂ ਹੋਰ ਵਸੀਲਿਆਂ ਤੋਂ ਕਰ ਲਵਾਂਗੇ। ਸਰਕਾਰ ਨੇ ਲੋਕ ਨਿਰਮਾਣ ਵਿਭਾਗ ਨੂੰ ਸੈਂਤੀ ਹਜ਼ਾਰ ਰੁਪਿਆ ਦੇ ਦਿੱਤਾ। ਉਸਾਰੀ ਸ਼ੁਰੂ ਹੋ ਗਈ। ਉਸਾਰੀ ਦੀ ਨਿਗਰਾਨੀ ਕਾਰਜਕਾਰੀ ਇੰਜੀਨੀਅਰ ਦੇ ਸਪੁਰਦ ਕੀਤੀ। ਸਾਲ 1892 ਵਿੱਚ ਇਸ ਇਮਾਰਤ ਬਾਰੇ ਲਤੀਫ ਨੇ ਲਿਖਿਆ- ਮੇਓ ਸਕੂਲ ਆਫ਼ ਆਰਟ ਦਾ ਡਿਜ਼ਾਈਨ ਐਕਸੀਅਨ ਕਨ੍ਹੱਈਆ ਲਾਲ ਨੇ ਤਿਆਰ ਕੀਤਾ ਤੇ ਰਾਮ ਸਿੰਘ ਉਸਦਾ ਸਹਾਇਕ ਹੈ। ਸਾਲ 1911 ਵਿੱਚ ਵਿੱਦਿਆ ਮਹਿਕਮੇ ਨੇ ਆਪਣੀਆਂ ਇਮਾਰਤਾਂ ਦੀ ਲਿਸਟ ਤਿਆਰ ਕੀਤੀ ਜਿਸ ਵਿੱਚ ਮੇਓ ਸਕੂਲ ਦੇ ਇੰਦਰਾਜ ਵਿੱਚ ਲਿਖਿਆ ਗਿਆ- ਇਸ ਇਮਾਰਤ ਦਾ ਡਿਜ਼ਾਈਨ ਰਾਇ ਬਹਾਦੁਰ ਰਾਮ ਸਿੰਘ ਨੇ ਮਿਸਟਰ ਜੇ. ਲੌਕਵੁੱਡ ਕਿਪਲਿੰਗ ਦੀ ਨਿਗਰਾਨੀ ਹੇਠ ਤਿਆਰ ਕੀਤਾ। ਮੈਮੋਰੈਂਡਮ ਫ਼ਾਰ ਵਿਕਟੋਰੀਅਨ ਆਰਡਰ ਵਿੱਚ ਛਾਪਿਆ- ਇਸ ਇਮਾਰਤ ਦਾ ਨਕਸ਼ਾ ਸਕੂਲ ਵਿੱਚ ਪੜ੍ਹਦੇ ਵਿਦਿਆਰਥੀ ਰਾਮ ਸਿੰਘ ਨੇ ਤਿਆਰ ਕੀਤਾ।

ਛੇ ਸਾਲ ਦੀ ਟ੍ਰੇਨਿੰਗ ਪੂਰੀ ਹੋਈ, ਰਾਮ ਸਿੰਘ ਨੂੰ ਇੱਕ ਅਪ੍ਰੈਲ 1883 ਦੇ ਦਿਨ ਅਸਿਸਟੈਂਟ ਮਾਸਟਰ ਵਜੋਂ ਇਸੇ ਸਕੂਲ ਵਿੱਚ ਨੌਕਰੀ ਦਿੱਤੀ ਗਈ। ਰਾਮ ਸਿੰਘ ਦੇ ਮੁੱਢਲੇ ਦਿਨ ਬੜੇ ਸਖ਼ਤ ਸਨ, ਕੇਵਲ ਕਲਾਸ ਰੂਮ ਵਿੱਚ ਪੜ੍ਹਾਉਣਾ ਨਹੀਂ, ਸਰਕਾਰ ਦੇ ਪੱਤਰ ਆਉਂਦੇ ਹੀ ਰਹਿੰਦੇ, ਇਹ ਇਮਾਰਤ ਬਣਾਉਣੀ ਹੈ, ਫਿਰ ਉਹ ਇਮਾਰਤ ਬਣਾਉਣੀ ਹੈ। ਕੇਵਲ ਨਕਸ਼ਾ ਨਹੀਂ ਬਣਾਉਣਾ, ਬਣਦੀ ਇਮਾਰਤ ਦੀ ਨਿਗਰਾਨੀ ਵੀ ਕਰਨੀ ਹੈ। ਥਾਂ ਥਾਂ ਨੁਮਾਇਸ਼ਾਂ ਲਗਦੀਆਂ, ਉਨ੍ਹਾਂ ਦਾ ਪ੍ਰਬੰਧਕ ਰਾਮ ਸਿੰਘ। ਰਾਜੇ, ਵਜੀਰ, ਧਨੀ ਸੇਠ ਆਪਣੀਆਂ ਹਵੇਲੀਆਂ ਲਈ ਨਕਸ਼ੇ ਬਣਵਾਉਣ ਆਉਂਦੇ। ਦੂਜਾ ਅਧਿਆਪਕ ਸ਼ੇਰ ਮੁਹੰਮਦ ਉਸ ਤੋਂ ਜੂਨੀਅਰ ਰੱਖਿਆ ਗਿਆ। ਅਧਿਆਪਕਾਂ ਦੇ ਹਾਜ਼ਰੀ ਰਜਿਸਟਰ ਵਿਚ ਅਪਣੇ ਪੈੱਨ ਨਾਲ ਕਿਪਲਿੰਗ ਨੇ ਸਭ ਤੋਂ ਉਪਰ ਨਾਮ ਲਿਖਿਆ- Bhai Ram Singh. ਇਹ ਰਜਿਸਟਰ ਨੈਸ਼ਨਲ ਸਕੂਲ ਆਫ਼ ਆਰਟ, ਲਾਹੌਰ ਵਿਚ ਪਿਆ ਹੈ।

ਵਿਦੇਸ਼ ਤੋਂ ਕੰਮ ਦਾ ਪਹਿਲਾ ਵੱਡਾ ਆਰਡਰ ਮਲਿਕਾ ਦੇ ਸ਼ਾਹਜ਼ਾਦੇ, ਇੰਗਲੈਂਡ ਦੇ ਡਿਊਕ ਅਤੇ ਡਚੈੱਸ ਦਾ ਆਇਆ। ਉਨ੍ਹਾਂ ਦੇ ਬਿਲੀਆਰਡ ਰੂਮ ਨੂੰ ਲੱਕੜ ਦੀ ਨੱਕਾਸ਼ੀ ਨਾਲ ਸ਼ਿੰਗਾਰਨਾ ਸੀ। ਸਾਲ 1884 ਦੀਆਂ ਸਰਦੀਆਂ ਵਿੱਚ ਇਹ ਜੋੜੀ ਮੇਓ ਸਕੂਲ ਵਿੱਚ ਪਹਿਲਾਂ ਦੇਖਣ ਆਈ ਕਿ ਕਾਰੀਗਰ ਕਿਹੋ ਜਿਹੇ ਹਨ। ਤਿਆਰ ਕੀਤੇ ਹੋਏ ਡਿਜ਼ਾਈਨ ਦੇਖੇ, ਦੋਵੇਂ ਜਣੇ ਬਾਗੋ ਬਾਗ ਹੋ ਗਏ। ਸਾਲ 1888 ਤੱਕ ਰਾਮ ਸਿੰਘ ਅਤੇ ਸ਼ੇਰ ਮੁਹੰਮਦ ਪੂਰੀ ਤਰ੍ਹਾਂ ਕੰਮਾਂ ਵਿੱਚ ਘਿਰੇ ਰਹੇ। ਰਾਮ ਸਿੰਘ ਭੱਠੇ ਵਾਲਿਆਂ ਨੂੰ ਵੱਖ-ਵੱਖ ਡਿਜ਼ਾਈਨ ਦੀਆਂ ਇੱਟਾਂ ਪੱਥਣ ਵਾਸਤੇ ਆਰਡਰ ਦਿੰਦਾ ਤਾਂ ਕਿ ਚਿਣਾਈ ਵਿੱਚ ਜਲਵੇ ਦਿਖਾ ਸਕੇ। ਦੁਨੀਆ ਦੀਆਂ ਨੁਮਾਇਸ਼ਾਂ ਵਿੱਚ ਦੋਵਾਂ ਦੇ ਕੰਮਾਂ ਨੂੰ ਸਰਾਹਿਆ ਗਿਆ, ਮੈਡਲ ਜਿੱਤੇ। ਡਿਊਕ ਦੇ ਬਿਲੀਅਰਡ ਰੂਮ ਦੀਆਂ ਕੰਧਾਂ ਅਤੇ ਛੱਤ ਲੱਕੜੀ ਦੀ ਖੁਣਾਈ ਨਾਲ ਸ਼ਿੰਗਾਰਨੀਆਂ ਸਨ। ਸਾਰੇ ਵਿਦਿਆਰਥੀਆਂ ਨੇ ਨਮੂਨੇ ਸਿਰਜੇ, ਕਿਪਲਿੰਗ ਅਤੇ ਰਾਮ ਸਿੰਘ ਸਿਰਜਣਾ ਵਿੱਚ ਸ਼ਾਮਲ ਰਹੇ। ਕੇਵਲ ਕੰਧਾਂ ਵਾਸਤੇ ਵੱਖੋ ਵੱਖ ਡਿਜ਼ਾਈਨਾਂ

ਦੇ 241 ਪੈਨਲ ਤਿਆਰ ਕੀਤੇ, ਪਰ ਕੋਈ ਡਿਜ਼ਾਈਨ ਇੱਕ-ਦੂਜੇ ਤੋਂ ਓਪਰਾ ਨਾ ਹੋਵੇ। ਬਿਰਖ ਬੂਟੇ, ਪੰਛੀ, ਫੁੱਲ, ਪੱਤੀਆਂ ਘੜੇ ਗਏ। ਚਿਨਾਰ, ਪਾਮ, ਸਰੂ, ਅੰਬ ਦੇ ਰੁੱਖ; ਕਠਫੋੜਾ, ਮੋਰ, ਕਬੂਤਰ, ਤੋਤਾ, ਮੈਨਾ, ਹੁੱਪੀ, ਕੋਇਲ, ਬੁਲਬੁਲ ਪੰਛੀ; ਜਾਨਵਰ ਸੱਪ, ਹਾਥੀ, ਗਿਰਗਿਟ, ਖ਼ਰਗੋਸ਼, ਕੱਛੂ, ਸ਼ੇਰ, ਚੀਤੇ; ਅਸਮਾਨ ਵਿੱਚ ਚੰਦ ਤਾਰੇ। ਦੋ ਪੈਨਲਾਂ ਉੱਪਰ ਉਸਤਾਦਾਂ ਦੇ ਨਾਮ ਖੁਣੇ ਹੋਏ ਹਨ : ਲਾਹੌਰ ਜੇ. ਐੱਲ. ਕਿਪਲਿੰਗ ਪ੍ਰਿੰਸੀਪਲ 1885-1887 ਅਤੇ ਰਾਮ ਸਿੰਘ ਮਾਸਟਰ, ਮੇਓ ਸਕੂਲ ਆਫ਼ ਆਰਟ 1885-1887। ਸਾਲ 1888 ਵਿੱਚ ਸਮੁੰਦਰੀ ਜਹਾਜ਼ ਰਾਹੀਂ ਇੰਗਲੈਂਡ ਭੇਜੇ ਗਏ। ਦਰਵਾਜ਼ਿਆਂ ਦੇ ਹੈਂਡਲ ਪੰਛੀਆਂ ਦੀ ਸ਼ਕਲ ਵਿੱਚ ਪਿੱਤਲ ਦੇ ਢਾਲੇ ਗਏ। ਸਾਰਾ ਖ਼ਰਚਾ ਭਾਰਤੀ ਰਾਜਿਆਂ ਨੇ ਅਦਾ ਕਰਕੇ ਡਿਊਕ ਡਚੈੱਸ ਨੂੰ ਗਿਫਟ ਕੀਤਾ।

**ਰਾਮ ਸਿੰਘ ਦੇ ਹੱਥਾਂ ਰਾਹੀਂ ਭਾਰਤੀ ਹੁਨਰ ਯੋਰਪ ਵਿੱਚ ਪਹੁੰਚ ਗਿਆ। ਜਿਸ ਪਾਸੇ ਦਰਸ਼ਕ ਦੀਆਂ ਨਿਗਾਹਾਂ ਜਾਂਦੀਆਂ, ਉਥੇ ਹੀ ਜਮ ਜਾਂਦੀਆਂ। ਮਲਿਕਾ ਜਦੋਂ ਦਰਬਾਰ ਹਾਲ ਵਿੱਚ ਜਾਣ ਦਾ ਫ਼ੈਸਲਾ ਕਰਦੀ, ਪਹਿਲਾਂ ਭਾਰਤੀ ਲਿਬਾਸ ਪਹਿਨਦੀ। ਅੰਗਰੇਜ਼ੀ ਲਿਬਾਸ ਰਾਮ ਸਿੰਘ ਦੇ ਕੰਮ ਵਿੱਚ ਵਿਘਨ ਪਾ ਸਕਦਾ ਹੈ। ਕਿਹਾ ਕਰਦੀ- ਇਸ ਹਾਲ ਵਿੱਚ ਏਸ਼ੀਆ ਵਸਦਾ ਹੈ।**

ਮਲਕਾ ਵਿਕਟੋਰੀਆ ਆਪਣੇ ਇਸ ਡਿਊਕ ਸ਼ਾਹਜ਼ਾਦੇ ਨੂੰ ਮਿਲਣ ਉਸਦੇ ਮਹਿਲ ਗਈ। ਸ਼ਾਹਜ਼ਾਦੇ ਨੇ ਬਿਲੀਅਰਡ ਰੂਮ ਦਿਖਾਇਆ। ਪਹਿਲੀ ਵਾਰ ਮਲਕਾ ਨੇ ਭਾਰਤੀ ਕਲਾ ਦਾ ਸ਼ਾਨਦਾਰ ਸਰੂਪ ਪ੍ਰਗਟ ਹੋਇਆ ਦੇਖਿਆ, ਉਦੀਂ ਫ਼ੈਸਲਾ ਕਰ ਲਿਆ, ਇਹੀ ਕਲਾਕਾਰ ਮੇਰਾ ਸਰਦੀਆਂ ਦੀ ਰਿਹਾਇਸ਼ ਲਈ ਬਣਾਇਆ ਅਸਬਰਨ ਮਹਿਲ ਸ਼ਿੰਗਾਰਨਗੇ। ਹੋ ਸਕਦੈ ਦੁਨੀਆਂ ਵਿਚ ਰਾਮ ਸਿੰਘ ਤੋਂ ਵੱਡੇ ਕਾਰੀਗਰ ਹੋਣ, ਸੋ ਟੈਂਡਰ ਵੀ ਮੰਗਾਂਗੇ। 1890 ਵਿੱਚ ਕਿਪਲਿੰਗ ਛੁਟੀਆਂ ਮਨਾਉਣ ਇੰਗਲੈਂਡ ਗਿਆ। ਮਲਿਕਾ ਨੇ ਬੁਲਾ ਕੇ ਮਨ ਦੀ ਇੱਛਾ ਦੱਸੀ। ਕਿਪਲਿੰਗ ਨੇ ਕਿਹਾ- ਭਾਈ ਰਾਮ ਸਿੰਘ ਨੂੰ ਸੱਦਾ ਭੇਜੋ। ਮਲਿਕਾ ਦੀ ਛੋਟੀ ਸ਼ਾਹਜ਼ਾਦੀ ਲੂਈ ਬੁਤਤ੍ਰਾਸ਼ੀ ਕਰਦੀ ਹੁੰਦੀ ਸੀ। ਉਹ ਇਸ ਪ੍ਰਾਜੈਕਟ ਦੀ ਨਿਗਰਾਨੀ ਕਰੇਗੀ। ਰਾਮ ਸਿੰਘ ਵੱਲੋਂ ਸ਼ਰਤਾਂ ਕਿਪਲਿੰਗ ਨੇ ਤੈਅ ਕੀਤੀਆਂ, ਸੌ ਪੌਂਡ ਸਫਰ ਖ਼ਰਚ, ਪੰਜ ਪੌਂਡ ਹਫ਼ਤਾ ਤਨਖਾਹ, ਮਹਿਲ ਨੇੜੇ ਮੁਫ਼ਤ ਰਿਹਾਇਸ਼। ਖਾਣਾ ਖ਼ੁਦ ਬਣਾ ਲਏਗਾ ਕਿਉਂਕਿ ਹਲਾਲ ਅਤੇ ਤਮਾਕੂ ਦਾ ਪਰਹੇਜ਼ਗਾਰ ਹੈ, ਮਰ ਜਾਏਗਾ ਇਹ ਦੋ ਵਸਤਾਂ ਛੂਹੇਗਾ ਵੀ ਨਹੀਂ।

ਰਾਮ ਸਿੰਘ ਨੂੰ ਸਕੂਲ ਵਿੱਚੋਂ ਇੱਕ ਮਹੀਨੇ ਦੀ ਛੁੱਟੀ ਦਿੱਤੀ ਗਈ ਤਾਂ ਕਿ ਉੱਥੋਂ ਦੇ ਕਾਰੀਗਾਰਾਂ ਨੂੰ ਨਕਸ਼ੇ ਸਮਝਾ ਕੇ ਕੰਮ ਦੀ ਰੂਪ ਰੇਖਾ ਤਿਆਰ ਕਰਵਾਕੇ ਪਰਤ ਆਏ। ਬੰਬਈ ਤੋਂ ਸਮੁੰਦਰੀ ਜਹਾਜ਼ ਰਾਹੀਂ ਪੈਰਿਸ ਗਿਆ, ਪੈਰਿਸ ਤੋਂ ਟਰੇਨ ਫੜਕੇ ਲੰਡਨ। ਲੈਣ ਵਾਸਤੇ ਰੇਲਵੇ ਸਟੇਸ਼ਨ ਕਿਪਲਿੰਗ ਪੁਜਿਆ। ਕੁਝ ਦਿਨ ਪ੍ਰਿੰਸੀਪਲ ਨੇ ਆਪਣੇ ਘਰ ਰੱਖਿਆ। ਫਿਰ ਅਸਬਰਨ ਪੁੱਜ ਗਿਆ ਜਿੱਥੇ ਮਲਿਕਾ ਉਡੀਕ ਰਹੀ ਸੀ। ਰਾਮ ਸਿੰਘ ਦਾ ਸਾਰਾ ਖ਼ਰਚ ਮਹਿਲ ਅਦਾ ਕਰੇ।


ਜੈਕਸਨ ਐਂਡ ਸੰਜ਼ ਕੰਪਨੀ ਨੂੰ ਠੇਕਾ ਦਿੱਤਾ ਗਿਆ। ਮਹੀਨੇ ਬਾਅਦ ਵਾਪਸ ਆਉਣਾ ਚਾਹਿਆ ਤਾਂ ਕੰਪਨੀ ਦੇ ਕਾਰੀਗਰ ਕਹਿਣ ਲੱਗੇ, ਰਾਮ ਸਿੰਘ ਦੀ ਗ਼ੈਰ-ਹਾਜ਼ਰੀ ਵਿੱਚ ਕੰਮ ਨਹੀਂ ਹੋ ਸਕਦਾ। ਇੱਥੇ ਰਹਿਣਾ ਪਏਗਾ। ਛੇ ਮਹੀਨਿਆਂ ਦੀ ਛੁੱਟੀ ਹੋਰ ਲੈ ਲਈ। ਛੇ ਮਹੀਨੇ ਬੀਤ ਗਏ। ਕੰਮ ਦੀ ਸੂਖਮਤਾ ਦਾ ਸਭ ਨੂੰ ਫ਼ਿਕਰ ਸੀ ਤੇ ਰਾਮ ਸਿੰਘ ਪ੍ਰਾਜੈਕਟ ਦੀ ਜਾਨ ਸੀ। ਡੇਢ ਸਾਲ ਹੋਰ ਲੱਗ ਗਿਆ। ਮਾਰਚ 31, 1893 ਨੂੰ ਸਮਾਪਤੀ ਹੋਈ, ਸਵਾ ਦੋ ਸਾਲ। 60x30 ਫੁੱਟ ਆਕਾਰ ਦਾ ਦਰਬਾਰ ਹਾਲ 20 ਫੁੱਟ ਉੱਚਾ ਸੀ। ਜੈਕਸਨ ਕੰਪਨੀ ਨੇ ਆਪਣਾ ਸਟੂਡੀਓ ਰਾਮ ਸਿੰਘ ਵਾਸਤੇ ਮਹਿਲ ਵਿੱਚ ਲੈ ਆਂਦਾ। ਕੰਪਨੀ ਨੂੰ 2250 ਪੌਂਡ ਲੇਬਰ ਦਾ ਖ਼ਰਚਾ ਦੇਣਾ ਕੀਤਾ ਸੀ ਜੋ ਰਾਮ ਸਿੰਘ ਦੀਆਂ ਲੋੜਾਂ ਮੁਤਾਬਕ ਵਧਾਣਾ ਪਿਆ। ਫ਼ੈਸਲਾ ਹੋਇਆ ਕਿ ਫਾਇਰਪਲੇਸ ਦੀ ਚਿਮਨੀ ਪੈਲ ਪਾਉਂਦੇ ਮੋਰ ਤੋਂ ਸ਼ੁਰੂ ਕਰਕੇ ਉੱਪਰ ਵੱਲ ਵਧੇ। ਲੱਕੜ ਦਾ ਮੋਰ ਬਣਾਉਣ ਵਾਸਤੇ ਰਾਮ ਸਿੰਘ ਦੇ 500 ਘੰਟੇ ਖ਼ਰਚ ਹੋਏ।

ਦਰਬਾਰ ਹਾਲ ਤਿਆਰ ਹੋ ਗਿਆ। ਅਜੇ ਕਿਹੜਾ ਕੰਮ ਮੁੱਕ ਗਿਆ? ਭਾਰਤੀ ਫ਼ਰਨੀਚਰ ਹੋਰ ਕੌਣ ਤਿਆਰ ਕਰੇ? ਇਸ ਵਾਸਤੇ ਵੀ ਰਾਮ ਸਿੰਘ ਚਾਹੀਦਾ ਸੀ। ਲੰਮਾ ਡਾਇਨਿੰਗ ਟੇਬਲ ਅਤੇ 36 ਕੁਰਸੀਆਂ ਤਿਆਰ ਕਰਨੀਆਂ ਸਨ, ਬੈਠਣ ਲਈ ਕੰਧਾਂ ਦੇ ਨਾਲ ਨਾਲ ਕੁਰਸੀਆਂ, ਸੋਫੇ, ਸਾਈਡ ਟੇਬਲ। ਰਾਮ ਸਿੰਘ ਨੇ ਠੇਕੇਦਾਰ ਨੂੰ ਕਿਹਾ- ਮੈਂ ਦੋ ਕੁਰਸੀਆਂ ਬਣਾਵਾਂਗਾ, ਉਸ ਨਮੂਨੇ ਤੇ ਤੁਸੀਂ ਬਾਕੀ ਕੰਮ ਨਿਬੇੜੋ। ਜੈਕਸਨ ਕੰਪਨੀ ਨਾਲ ਤਕਰਾਰ ਹੋਇਆ, ਫ਼ਲਸਰੂਪ ਹੋਰ ਖ਼ਰਚਾ ਦੇਣਾ ਪਿਆ। ਰਾਮ ਸਿੰਘ ਦੇ ਹੱਥਾਂ ਰਾਹੀਂ ਭਾਰਤੀ ਹੁਨਰ ਯੋਰਪ ਵਿੱਚ ਪਹੁੰਚ ਗਿਆ। ਜਿਸ ਪਾਸੇ ਦਰਸ਼ਕ ਦੀਆਂ ਨਿਗਾਹਾਂ ਜਾਂਦੀਆਂ, ਉਥੇ ਹੀ ਜਮ ਜਾਂਦੀਆਂ।

ਨਿੱਕੇ ਹੁੰਦਿਆਂ ਕਹਾਣੀਆਂ ਵਿੱਚ ਸੁਣਿਆ ਸੀ ਕਿ ਕੰਮ ਪੂਰਾ ਕਰਵਾ ਕੇ ਅੰਗਰੇਜ਼, ਕਾਰੀਗਰ ਦੇ ਹੱਥ ਵੱਢ ਦਿਆ ਕਰਦੇ ਸਨ ਤਾਂ ਕਿ ਕੋਈ ਹੋਰ ਇਸ ਤੋਂ ਇਹੋ ਜਿਹਾ ਕੰਮ ਨਾ ਕਰਵਾ ਲਵੇ। ਰਾਮ ਸਿੰਘ ਹੱਥ ਵਢਾਣੋ ਬਚ ਗਿਆ। ਸ਼ਾਹਜ਼ਾਦੀ ਲੂਈ ਅਤੇ ਮਲਿਕਾ ਵਿਕਟੋਰੀਆ ਉਸਦੇ ਹੱਥ ਚੁੰਮ ਲੈਂਦੀਆਂ। ਮਲਿਕਾ ਜਦੋਂ ਦਰਬਾਰ ਹਾਲ ਵਿੱਚ ਜਾਣ ਦਾ ਫ਼ੈਸਲਾ ਕਰਦੀ, ਪਹਿਲਾਂ ਭਾਰਤੀ ਲਿਬਾਸ ਪਹਿਨਦੀ। ਅੰਗਰੇਜ਼ੀ ਲਿਬਾਸ ਰਾਮ ਸਿੰਘ ਦੇ ਕੰਮ ਵਿੱਚ ਵਿਘਨ ਪਾ ਸਕਦਾ ਹੈ। ਕਿਹਾ ਕਰਦੀ- ਇਸ ਹਾਲ ਵਿੱਚ ਏਸ਼ੀਆ ਵਸਦਾ ਹੈ।


ਕਿਸੇ ਪੰਜਾਬੀ ਨੇ ਅੰਗਰੇਜ਼ ਨੂੰ ਪੁੱਛਿਆ- ਤੁਹਾਡੀ ਮਲਕਾ, ਤੁਹਾਡੇ ਬਾਦਸ਼ਾਹ ਕਰਦੇ ਤਾਂ ਹੈਨ ਨਹੀਂ ਕੁਝ, ਫਿਰ ਇਨ੍ਹਾਂ ਤੇ ਇੰਨਾ ਖ਼ਰਚਾ ਕਿਉਂ ਕਰਦੇ ਹੋ? ਗੋਰਾ ਬੋਲਿਆ- ਪੈਸੇ ਵਾਲੇ ਬੰਦੇ ਆਪਣੇ ਕੁੱਤਿਆਂ ਨੂੰ ਵਿਸਕੀ ਪਿਲਾ ਦਿਆ ਕਰਦੇ ਹਨ, ਤੈਨੂੰ ਕੀ ਦਿੱਕਤ? ਇੱਕ ਅਗਸਤ, 1893 ਨੂੰ ਮਲਿਕਾ ਨੇ ਆਪਣੇ ਕਜ਼ਿਨ ਜਰਮਨੀ ਦੇ ਬਾਦਸ਼ਾਹ ਕੈਸਰ ਨੂੰ ਡਿਨਰ ਲਈ ਇਸ ਹਾਲ ਵਿੱਚ ਸੱਦਿਆ। ਫ਼ਰਸ਼ ਉੱਪਰ ਭਾਰਤੀ ਕਾਲੀਨ ਵਿਛਾਏ ਗਏ, ਲੰਮੀਆਂ ਗਰਦਨਾਂ ਵਾਲੀਆਂ ਪਿੱਤਲ ਦੀਆਂ ਸੁਰਾਹੀਆਂ ਵਿੱਚ ਗੁਲਦਸਤੇ ਸਜਾਏ। ਸ਼ਾਨਦਾਰ ਮੋਰ ਪੈਲਾਂ ਪਾਉਂਦਾ ਦੇਖ ਕੇ ਡੇਲੀ ਟੈਲੀਗ੍ਰਾਫ਼ ਨੇ ਖ਼ਬਰ ਵਿੱਚ ਛਾਪਿਆ- ਕਿਸੇ ਜ਼ਮਾਨੇ ਭਾਰਤੀ ਲੋਕ ਮੋਰ ਦੀ ਪਵਿੱਤਰ ਸਹੁੰ ਖਾਇਆ ਕਰਦੇ ਸਨ, ਇਸ ਦਾ ਮਾਸ ਖਾਣਾ ਪਾਪ ਗਿਣਿਆ ਜਾਂਦਾ ਸੀ।

**(ਇਸ ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**




# Sikhs in Finland

❖ **Swarn Singh Kahlon**



**Gurdwara Vantaa, Finland**

## Introduction

The Sikh immigrants though small in numbers have been able to carve for themselves a niche through ownership of restaurants, bars and discotheques (called *ravintola*). It is quite an achievement from working as kitchen helpers and cleaners when they first arrived in 1970s to now running these outlets. The Gurdwara operates in the afternoons on Sundays due late night timings of Sikh establishments of bars, discotheques etc. 'Nishan Sahib' cannot be displayed outside the Gurdwara.

## The Country

Despite its dreary weather and long winters, Finland has emerged as the happiest country in the world in 2018, according to a UN report which rates happiness levels based on factors such as life expectancy, social support, freedom and corruption. A country with a population of 5.3 million, around two-thirds of which is covered in forest and about a tenth by water. In the far north, the sun does not set for around 10 weeks during the 'White Nights' of summer, while in winter it does not rise above the horizon for nearly eight weeks. Hundreds of years of Swedish rule were followed by a further century of Russian control before independence in 1917. In World War II, Finland faced severe fighting on its eastern border with the Russians and the country was eventually forced to cede 10 per cent of its territory and pay extensive war reparations to Moscow. The collapse of the Soviet Union in the early 1990s allowed Finland to step out of the Cold War shadow. It applied for membership of the EU soon after its friendship treaty with the Soviet Union became void in 1991, becoming a full member in 1995. Finland is the only Nordic EU member to use the Euro as the national currency. The country spends heavily on education, training and research investment which pays dividends by delivering one of the best qualified workforces in the world. This has been a key factor in the development of a modern, competitive economy in which an advanced telecommunications sector has been added to the traditional timber and metal industries.

## Sikh Migration

In Finland, like many other European countries, the number of people immigrating started to exceed the number of those emigrating only in the 1980s. Before that, Finland was a country characterized by a strong outward migration. Since the beginning of the twentieth century many Finns migrated to the US and to Australia and from the time of World War II also to Sweden. But the early 1980s marked a turn in Finland's migration history when the net migration to Finland started to be positive.

The following is excerpted from a research paper, 'Negotiating, Maintaining and Transmitting Immigrants' Identities' and 'Sikhs in Finland: Migration Histories and Work in the Restaurant Sector', by Laura Hirvi, University of Jyväskylä (*Brill's Encyclopedia of Sikhism*).

The first Sikh immigrants (about ten of them) arrived in Finland in 1979 by obtaining work permits. By 2008, out of 2,716 Indians living in Finland, 632 people were listed as speaking Punjabi. It can be assumed that there are currently about 500 Sikhs living in Finland. Most Sikh immigrants have settled in the area of Helsinki and its neighbouring city, Vantaa, and the majority work in restaurants, pubs or nightclubs, either as employees or as entrepreneurs. There is a sprinkling of Sikhs in Turku, Oulu, and Tampere Island Maria Asu. Some Sikhs came to Finland via a transit country, such as Sweden or Germany, after having heard that the chances to succeed might be better in Finland. Many later immigrants came on hearing about the opportunities to settle here from their friends and relatives who had already settled in the country. After settling down, many immigrants who were already married, brought their families, others got married to wives from Punjab. Quite a few also got married to Finnish women.

A majority of Sikh immigrants are employed or self-employed in the restaurant (*ravintola*) business. The term 'restaurant' is an umbrella term that includes bars, pubs, discotheques, eating places or a

combination of any of these. Sikh immigrants faced a variety of challenges when trying to enter the Finnish labour market. Finding a job turned out to be especially hard for those, who had arrived in Finland during the time of the economic depression in the beginning of the 1990s. In general, immigrants' options to find employment were limited due to negligible language skills and work experience, combined with educational backgrounds that are often not acknowledged in Finland. Sikhs ended up in the Finnish restaurant business because it had least barriers. They could start with back room chores such as cleaning dishes, helping as assistants in cooking, cleaning, setting up tables slowly graduating to cooking and up front interfacing with customers by the time they had acquired language skills and learnt nuances of serving the customers. The businesses owned by Sikhs are scattered all over the metropolitan area of Helsinki. Sikh women of the first generation often work in the restaurant sector, mostly in family owned restaurants. Usually, they start wage work only after the children are older and have started going to school. It is not easy to sponsor parents unless a special case is made out that they are fully dependent on the immigrant. Finnish people generally do not save as the state looks after the citizens. However, the Indians cannot help saving which comes in handy as the immigrants become entrepreneurs.

According to Sukhdev Singh Sodhi, an immigrant, 'Gurdeep Singh, First Secretary, Indian Embassy, brought the mini *bir* in 1988. His residence was used for prayers. Then the Sikhs rented a hall on ad hoc basis to meet once in three months, then once a month and later on weekly basis on Sundays. It was quite a logistics effort. There is no *nagar kirtan* in Helsinki. Numbers are small and devout Sikhs still less. Sikhs decided to build own Gurdwara for which land (4,000 sq. m. plot) was acquired in 2000. It was supposed to be a large complex but the plans did not fructify due to huge costs involved. So, they bought the present building in 2005 in Sornainen, a suburb of Helsinki, for 1.65 lakh Norwegian Marks. They needed additional 1.25 lakh (total cost became 3 lakh NM) for renovation which the *sangat* is re-paying on monthly instalments of Euro 20,000. This need arose because the building purchased was old. Getting permission to put up a *Nishan Sahib* in front of the Gurdwara seemed problematic. A small *Nishan Sahib* has been put up inside the building. Gurdwara is held on Sundays in the afternoon with *bhog* at around 4 p.m. (people return from restaurants only at 5 a.m. or so). *Sangat* size is about 50 people including families. They prepare *langar* in their own restaurants and bring it along. Most Sikhs pay up to 1,000 Euro donation per month to the Gurdwara. The Gurdwara has no live-in *granthi* as of now.

In Vantaa, there is a Gurdwara in an individual's house and is known as Gurdwara Gurusar Vantaa.

**Some Interesting Events**

Flying Finn From Punjab—Prabhjot Singh *Tribune News Service*, Chandigarh, 30 October, 2008

Ranbir Singh Sodhi of Dhuri has made it to the Council of Governors of Vantaa, a province in Finland. The council enjoys the same status as a state assembly in India. He has become the first ever South Asian and Punjabi to be elected to the august house of Finland. Sodhi, who migrated to Europe after his postgraduation in economics and finance management, has settled in Hiekkaharju city, one of the four largely populated cities of Vantaa province. Interestingly, Sodhi runs a nightclub in partnership with his brothers. 'It is a major step forward by the small and responsive Indian community in Finland. There are around 200 families of Indians in general and Punjabis in particular in the country.'

**Finland Sikh Fights for Right to Wear Turban**

*Hindustan Times*, Chandigarh, 22 May 2013


London: A Sikh bus driver in Finland, who was ordered by his employers to remove his turban, is fighting for his right to wear the traditional headgear at work. Sukhdarshan Singh Gill works at the Veolia bus company in Vantaa near the Finnish capital of Helsinki. He came to Finland in the 1980s, making him one of the first Sikhs to arrive in the Scandinavian country. Following a visit to Punjab in December last year, Gill decided to start wearing a turban at work. That was fine with his employer for two months, before the management ordered him to remove it to comply with uniform rules. 'I have a right to my turban as I am a Sikh'. Gill told Finnish Broadcasting Company YLE. Sukhdarshan's son Sukhnavdeep Singh Gill said he was keen on completing his military service for Finland wearing a turban. 'I want to be part of it and my religion shouldn't be a problem. I don't want to be treated differently, it's my right,' said Sukhnavdeep. Other Scandinavian countries such as Norway and Sweden allow Sikhs in the military to wear the turban. 'I pay tax, I work hard. My wife is also a bus driver, she pays tax. Our children were born in Finland, and are studying in Finland, and we feel this is a question of minority rights. We have our own culture, we have our own religion,' said Gill. Lawyers say any legal challenge to the turban ban would be successful.

Gill subsequently won the case and was allowed to wear a turban.

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




ਵੈਰਾਗ ਉਹਨਾਂ ਦੇ ਅੰਦਰ ਵੀ ਵਸਦਾ ਹੈ। ਓਹ ਰਬ ਜੀ ਨਾਲ ਰਾਗ ਕਰਦੇ ਹਨ ਤੇ ਉਸ ਸਾਰੇ ਨਾਲ 'ਜੋ ਰਬ ਜੀ ਨਹੀਂ' ਸੁਤੇ ਵੈਰਾਗ ਹੁੰਦਾ ਜਾਂਦਾ ਹੈ। ਉਹ ਵਸਦੇ ਤਾਂ ਮੋਹ ਮਾਇਆ ਵਿਚ ਹੈਨ ਪਰ ਮੋਹ ਮਾਇਆ ਤੋਂ ਆਪ ਨੂੰ ਧੋਂਦੇ ਰਹਿੰਦੇ ਹਨ। ਅਸਲ ਵਿਚ ਉਨ੍ਹਾਂ ਦਾ ਮਾਰਗ ਅਤੀਤ ਕੋਲੋਂ ਉਖੇਰਾ ਹੈ। ਕੱਜਲ ਦੀ ਕੋਠੜੀ ਵਿਚ ਰਹਿਣਾ ਤੇ ਲੀਕ ਨਾ ਲਗਣ ਦੇਣੀ। ਜਲ ਵਿਚ ਵੱਸਣਾ ਤੇ ਸੁੱਕੇ ਰਹਿਣਾ ਕਠਨ ਹੈ, ਪਰ ਓਹ ਸੂਰੇ ਜਲ ਵਿਚ ਵਸਦੇ ਕਵਲ ਵਾਂਙੂ ਤੇ ਪਾਣੀ ਤੇ ਤਰਦੀ ਮੁਰਗਾਬੀ ਵਾਂਙੂ ਅਭਿੱਜ ਰਹਿੰਦੇ ਹਨ।

**ਡਜੁਸ਼ੋਜ਼ਾ–** ਕਿਹੜੀ ਹਿਕਮਤ ਉਨ੍ਹਾਂ ਨੂੰ ਉਚਿਆਂ ਰਖਦੀ ਹੈ ?

**ਸੰਤ–** ਸਤਿਸੰਗ। ਸਾਡੇ ਵਿਚ ਸਤਿਪੁਰਖ ਦੇ ਸਤਿਸੰਗ ਦੀ ਬੜੀ ਮਹਿਮਾ ਹੈ। ਇਥੋਂ ਤਾਂਈਂ ਲਿਖਜਾ ਹੈ 'ਸਾਧਸੰਗਤਿ ਬਿਨੁ ਤਰਿਓ ਨ ਕੋਇ'। ਫੇਰ ਅਸੀਂ ਰੋਜ਼ ਆਪਣੀ ਅਰਦਾਸ ਵਿਚ ਸ੍ਰੀ ਰਬ ਜੀ ਤੋਂ ਮੰਗਦੇ ਹਾਂ-'ਗੁਰਮੁਖ ਦਾ ਮੇਲ ਸਾਧ ਦਾ ਸੰਗ ਤੇ ਸੋਈ ਪਿਆਰੇ ਮੇਲੀਂ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ'। ਸੋ ਗ੍ਰਿਹਸਤ ਵਿਚ ਵਸਦੇ ਸਾਧੂ ਰੂਪ ਗੁਰਸਿਖ ਆਪਣੀ ਘਾਲ ਕਰਦੇ ਸਤਿਸੰਗ ਦਾ ਆਸਰਾ ਲੈਂਦੇ ਹਨ, ਉਹ ਸੁੱਚੀ ਉੱਚੀ ਸੁਹਬਤ ਉਨ੍ਹਾਂ ਨੂੰ ਉਪਦੇਸ਼ ਨਾਲ, ਨਮੂਨੇ ਨਾਲ, ਅਰਦਾਸ ਤੇ ਅਸ਼ੀਰਵਾਦ ਨਾਲ ਸਹਾਇਤਾ ਦੇਂਦੀ ਰਹਿੰਦੀ ਹੈ ਤੇ ਗਿਰਾਉ ਵਿਚ ਨਹੀਂ ਜਾਣ ਦੇਂਦੀ, ਫੇਰ ਸਾਡੇ ਅਤੀਤ ਸਾਧੂ ਉਨ੍ਹਾਂ ਨੂੰ ਕਦੇ ਕਦੇ ਜਾ ਕੇ ਆਪਣੇ ਸਤਿਸੰਗ ਦਾ ਲਾਹਾ ਦੇਂਦੇ ਰਹਿੰਦੇ ਹਨ।

**ਡਜੁਸ਼ੋਜ਼ਾ–** ਕੀ ਤੁਸਾਂ ਵਿਚ ਕੋਈ ਆਪਣੇ ਰੰਗ ਵਿਚ ਰੱਤੇ ਰਹਿਣ ਵਾਲੇ ਵੀ ਹਨ ?

**ਸੰਤ–** ਹਾਂ ਐਸੇ ਵੀ ਹੁੰਦੇ ਹਨ ? ਉਨ੍ਹਾਂ ਬਾਬਤ ਲਿਖਿਆ ਹੈ।

**ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ॥ ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥**

(ਵਾਰ ਆਸਾ ਮ: ੧-੨੦, ਅੰਗ ੪੭੩)

ਉਨ੍ਹਾਂ ਤੋਂ ਲੋਕੀਂ ਲਾਹਾ ਲੈਣ ਵਾਲੇ ਆਪ ਉੱਦਮ ਕਰਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਇਸੇ ਰੰਗ ਚੁੱਪ ਤੇ ਲੁਕ ਵਿਚ ਜੀਵਨ ਬਸਰ ਕਰ ਜਾਂਦੇ ਹਨ। ਕਈ ਸਿਰੇ ਚੜ੍ਹਕੇ ਅੰਦਰ ਲਖੇ ਜਾ ਰਹੇ ਪਰਮਾਤਮ ਦੇਵ ਨੂੰ ਵਜਾਪਕ ਲਖਣ ਲਗ ਜਾਂਦੇ ਹਨ, ਉਹਨਾਂ ਦਾ ਰੰਗ ਤੇ ਵਰਤਾਉ ਇਕ ਪ੍ਰਕਾਰ ਦਾ ਨਹੀਂ ਹੁੰਦਾ, ਕਿਉਂਕਿ ਪਰਮਾਤਮ ਅਨੁਭਵਤਾ ਵਿਚ ਓਹਨਾਂ ਦੀ ਮਰਜ਼ੀ ਰਜ਼ਾ ਵਿਚ ਲੀਨ ਹੁੰਦੀ ਹੈ, ਉਨ੍ਹਾਂ ਦੀ ਦ੍ਰਿਸ਼ਟੀ ਪਰਮਾਤਮ ਵਿਚ ਹੁੰਦੀ ਹੈ। ਜਿਵੇਂ ਪਜਾਸੇ ਨੂੰ ਸੰਤਰੇ ਵਿਚ ਪਿਆਸ ਬੁਝਾਉਣ ਵਾਲਾ ਮਿੱਠਾ ਰਸ ਭਾਸਦਾ ਹੈ, ਪਰ ਗਾਂਧੀ ਨੂੰ ਉਸ ਵਿਚ ਸੂਖਮ ਕਿਸਮ ਦੀ ਸੁਗੰਧੀ ਨਜ਼ਰ ਪੈਂਦੀ ਹੈ। ਤਿਵੇਂ ਉਨ੍ਹਾਂ ਦੀ ਦ੍ਰਿਸ਼ਟੀ ਪਾਰਾਵਾਰ ਹੋ ਜਾਂਦੀ ਹੈ। ਇਨ੍ਹਾਂ ਵਿਚੋਂ ਬੀ ਕਈ ਪਰ-ਉਪਕਾਰ ਵਿਚ ਲਗ ਪੈਂਦੇ ਹਨ। ਜੇ ਆਪ ਚਾਹੋ ਤਾਂ ਆਪਣੀ ਗਲ ਨੂੰ ਸੁਖੱਲਿਆਂ ਕਰਨ ਲਈ ਇਕ ਬੀਤੀ ਵਾਰਤਾ ਸੁਣਾਵਾਂ।

**ਡਜੁਸ਼ੋਜ਼ਾ–** ਜ਼ਰੂਰ ਸੁਣਾਓ, ਨਿਰੀ ਵੀਚਾਰ ਕਈ ਵੇਰ ਖੁਸ਼ਕ ਵਸਤੂ ਰਹਿੰਦੀ ਹੈ, ਵੀਚਾਰ ਨੂੰ ਜਿਨ੍ਹਾਂ ਨੇ ਵਰਤੋਂ ਵਿਚ ਵਰਤਿਆ ਹੈ ਤੇ ਤਜਰਬੇ ਵਿਚ ਤਜਰਬਾ ਕੀਤਾ ਉਨ੍ਹਾਂ ਦੇ ਸਿਰ ਵਰਤੀ ਸੁਣਕੇ ਰਸ ਆਉਂਦਾ ਤੇ ਪ੍ਰੇਰਨਾ ਮਿਲਦੀ ਹੈ।

**ਸੰਤ–** ਪੰਜਾਬ ਵਿਚ ਅੰਮ੍ਰਿਤਸਰ ਸ਼ਹਿਰ ਇਕ ਵੱਡੀ ਨਗਰੀ ਹੈ ਤੇ ਸਿੱਖੀ ਦਾ ਸਭ ਤੋਂ ਵੱਡਾ ਮੰਦਰ ਓਥੇ ਹੈ।

**ਡਜੁਸ਼ੋਜ਼ਾ–** ਮੈਂ ਸੁਣਿਆ ਹੈ ਤੇ ਕਦੇ ਦੇਖਣੇ ਦੀ ਇੱਛਾ ਬੀ ਹੈ।


**ਸੰਤ–** ਉਸ ਤੋਂ ਪੰਦ੍ਹਾ ਕੁ ਮੀਲ ਦੱਖਣ ਨੂੰ ਇਕ ਹੋਰ ਸਿਖ ਮੰਦਰ ਤੇ ਸ਼ਹਿਰ ਹੈ ਜਿਸ ਨੂੰ ਤਰਨ ਤਾਰਨ ਆਖਦੇ ਹਨ। ਇਸ ਤੋਂ ਕੁਛ ਦੂਰ ਹੋਰ ਅੱਗੇ ਬਜਾਸਾ ਨਦੀ ਦੇ ਨੇੜੇ ਇਕ ਪਿੰਡ ਹੈ ਭੰਗਾਲਾ, ਇਥੇ ਇਕ ਵਿਰਕਤ ਸਿਖ ਸੰਤ ਹੋਏ ਹਨ-ਸੰਤ ਸਰਦੂਲ ਸਿੰਘ ਜੀ ! ਆਪ ਜੀ ਨੂੰ ਇਕ ਹੋਰ ਵਿਰਕਤ ਸੰਤ ਜੀ ਮਿਲੇ ਸਨ, ਜਿਨ੍ਹਾਂ ਦਾ ਪਹਿਲਾ ਜੀਵਨ ਤਾਂ ਚੰਗਾ ਨਹੀਂ ਸੀ, ਪਰ ਇਕ ਸਾਧੂ ਦੀ ਮੇਹਰ ਨਾਲ ਓਹ ਪੂਰਨ ਗੁਰਮੁਖ ਅਵਸਥਾ ਨੂੰ ਪਹੁੰਚੇ ਤੇ ਚੋਟੀ ਦੇ ਪਾਰਗਿਰਾਮੀ ਮਹਾਂਪੁਰਖ ਹੋਏ। ਬਹੁਤ ਕਾਲ ਸੰਤ ਸਰਦੂਲ ਸਿੰਘ ਜੀ ਨੇ ਉਨ੍ਹਾਂ ਦੇ ਹੁਕਮ ਮੂਜਬ ਘਾਲਾਂ ਘਾਲੀਆਂ। ਜਦ ਪੂਰਨ ਪਦ ਤੇ ਅੱਪੜੇ ਤਾਂ ਸੰਤਾਂ ਦੇ ਹੁਕਮ ਵਿਚ ਭੰਗਾਲੇ ਪਿੰਡ ਅਤੀਤ ਰਹਿਣਾ ਅਖਤਜਾਰ ਕੀਤਾ ਤੇ ਛੋਟਾ ਜੇਹਾ ਗੁਰਦੁਆਰਾ ਬਣਾ ਕੇ ਟਿਕ ਗਏ। ਆਪ ਰੰਗ ਰੱਤੇ ਰਹਿਣਾ ਪਰ ਦੁਨੀਆਂ ਨੂੰ ਭਲੇ ਪਾਸੇ ਲਾਉਣਾ, ਐਬ ਛੁਡਾਉਣੇ ਤੇ ਨਾਮ ਬਾਣੀ ਵਿਚ ਪਰਵਿਰਤ ਕਰਨਾ। ਆਪ ਬੋਲਦੇ ਘੱਟ ਸੇ ਪਰ ਜਦ ਬੋਲਦੇ ਤਾਂ ਬੜਾ ਤਾਸੀਰ ਵਾਲਾ ਬੋਲਦੇ।

ਇਕ ਸਮੇਂ ਆਪ ਫਿਰਦੇ ਟੁਰਦੇ ਕਿਸੇ ਗਿਰਾਂ ਜਾ ਨਿਕਲੇ। ਜਿਥੇ ਆਪ ਨੇ ਪਿੰਡੋਂ ਬਾਹਰ ਰਹਿਕੇ ਨਾਮ ਬਾਣੀ ਦਾ ਪਰਚਾਰ ਕੀਤਾ। ਇਥੇ ਇਕ ਭਲਾ ਗੱਭਰੂ ਸੀ, ਨਾਮ ਸੀ ਭੋਲਾ ਸਿੰਘ। ਦੋ ਚਾਰ ਸੌ ਵਿਘੇ ਭੋਂ ਦਾ ਮਾਲਕ ਸੀ, ਵਿਆਹ ਬੀ ਸੁਹਣੇ ਘਰ ਹੋਇਆ ਸੀ। ਚੜ੍ਹਦੀ ਜਵਾਨੀ ਸੀ ਪਰ ਐਬ ਕੋਈ ਨਹੀਂ ਸੀ। ਸੰਤ ਸਰਦੂਲ ਸਿੰਘ ਜੀ ਦਾ ਓਥੇ ਜਾਣਾ ਇਸ ਸੁਹਣੇ ਜਵਾਨ ਲਈ ਸਤਿਸੰਗ ਦਾ ਅਵਸਰ ਬਣ ਗਿਆ। ਐਸਾ ਅਸਰ ਹੋਇਆ ਕਿ ਵੈਰਾਗ ਹੋ ਗਿਆ। ਨਾ ਭੋਲਾ ਸਿੰਘ ਨੂੰ ਹੁਣ ਵਹੁਟੀ ਚੰਗੀ ਲੱਗੇ, ਨਾ ਘਰ, ਸਾਕ, ਨਾ ਇੰਨੀ ਬਹੁਤ ਜ਼ਿਮੀ ਦਾ ਲਾਲਚ ਫੁਰੇ। ਇਹੋ ਦਿਲ ਚਾਹੇ ਕਿ ਸੰਤਾਂ ਤੋਂ ਨਾ ਵਿਛੜਾਂ, ਇਨ੍ਹਾਂ ਦੇ ਬਚਨ ਸੁਣਦਾ ਰਹਾਂ ਤੇ ਇਨ੍ਹਾਂ ਦੀ ਸੇਵਾ ਕਰਦਾ ਰਹਾਂ। ਜੋ ਹੁਕਮ ਕਰਨ ਉਹ ਮੇਰਾ ਜੀਵਨ ਹੋਵੇ। ਆਖਰ ਘਰ ਬਾਰ ਛੱਡਕੇ ਸੰਤਾਂ ਕੋਲ ਆ ਗਏ। ਸੰਤਾਂ ਨੇ ਬਹੁਤ ਯਤਨ ਕੀਤੇ ਕਿ ਅਪਣੇ ਘਰ ਰਹੇ ਤੇ ਘਰ ਰਹਿਕੇ ਸਿੱਖੀ ਕਮਾਵੇ, ਗ੍ਰਿਹਸਤ ਉਦਾਸੀ ਹੋਵੇ, ਨਾ ਪਰਵਾਰ ਔਖਾ ਹੋਵੇ ਨਾ ਇਹ ਅਤੀਤਾਂ ਵਾਲੀਆਂ ਤਤਿਖਜਾਂ ਵਿਚ ਪਵੇ, ਪਰ ਵੈਰਾਗ ਇਤਨਾ ਤੀਬਰ ਸੀ ਕਿ ਨਾ ਪਰਵਾਰ ਵਲੋਂ ਖਿੱਚ ਤੇ ਪਜਾਰ ਦੀ ਤੇ ਨਾਂ ਸੰਤਾਂ ਵਲੋਂ ਉਪਦੇਸ਼ ਦੀ ਪੇਸ਼ ਗਈ, ਆਪ ਐਸੇ ਵੈਰਾਗ ਹਥ ਵਿਕਾਨੇ ਕਿ ਸਭ ਕੁਛ ਛਡਕੇ ਸੰਤਾਂ ਦੇ ਦੁਆਰੇ ਟਿਕ ਗਏ। ਬਾਣੀ ਦਾ ਪਾਠ ਕੀਰਤਨ, ਨਾਮ ਦਾ ਅਭਜਾਸ ਤੇ ਵਾਹਿਗੁਰੂ ਜੀ ਦਾ ਪ੍ਰੇਮ ਅਤਿ ਪ੍ਰਬਲ ਪੈ ਗਏ।

(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

# 100 ਸਾਲ ਪਹਿਲਾਂ

**11 ਨਵੰਬਰ, 1920**




**ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼-ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਤੀ ਦੀਪਮਾਲਾ ਅਤੇ ਫੁੱਲਾਂ ਦੀ ਸਜਾਵਟ।**

## ਖਾਲਸਾ ਦੀਵਾਨ ਅਫ਼ਗਾਨਸਤਾਨ

ਕਾਬਲ ਦੇ ਰਾਜ ਵਿਚ ਸਿੱਖਾਂ ਦੀ ਵਸੋਂ ਕਾਫੀ ਹੈ, ਕਿੰਤੂ ਹਿੰਦ ਦੇ ਸਿੱਖਾਂ ਦੀ ਬੇਪਰਵਾਹੀ ਤੇ ਕਾਬਲ ਦਿਆਂ ਦੀ ਅਵਿਦਜਾ ਕਾਰਨ ਇਕ-ਦੂਜੇ ਦੇ ਸਹੀ ਹਾਲਾਤ ਦਾ ਪਤਾ ਨਹੀਂ ਲਗਦਾ ਸੀ, ਓਹਨਾਂ ਨੂੰ ਸਿੱਖੀ ਵਿਚ ਕਾਇਮ ਰੱਖਣ ਲਈ ਜੋ ਕੁਝ ਉਪਰਾਲਾ ਹੋਇਆ ਹੈ ਤਦ ਉਹਨਾਂ ਸਾਹਿਬਜ਼ਾਦਿਆਂ ਵੱਲੋਂ ਜੋ ਉਧਰ ਜਾਂਦੇ ਸਨ ਨਹੀਂ ਤਾਂ ਆਮ ਸਿੱਖਾਂ ਵੱਲੋਂ ਕਦੇ ਉਹਨਾਂ ਦੇ ਹਾਲਾਤ ਤੋਂ ਜਾਣੂ ਹੋਣ ਦਾ ਯਤਨ ਨਹੀਂ ਕੀਤਾ ਗਿਆ ਤੇ ਨਾ ਹੀ ਓਹਨਾਂ ਵਿਚ ਪ੍ਰਚਾਰ ਦੀ ਰੌ ਚਲਾਣ ਦਾ ਕਦੇ ਖਿਆਲ ਉਤਪਨ ਹੋਇਆ।

ਖੁਸ਼ੀ ਦੀ ਗੱਲ ਹੈ ਕਿ ਹੁਣ ਜਦ ਕੇ ਜਾਗਰਤ ਦੀ ਲੈਹਰ ਸੰਸਾਰ ਵਿਚ ਮੁਰਦਾ ਕੌਮਾਂ ਨੂੰ ਵੀ ਜ਼ਿੰਦਗੀ ਬਖਸ਼ ਰਹੀ ਹੈ ਕਾਬਲ ਦੇ ਇਲਾਕੇ ਦੇ ਸਿੱਖਾਂ ਵਿਚ ਵੀ ਜਾਨ ਰੁਮਕੀ ਹੈ। ਤੇ ਉਹਨਾਂ ਇਕ ਖਾਲਸਾ ਦੀਵਾਨ ਅਫ਼ਗਾਨਸਤਾਨ ਦੀ ਨੀਂਹ ਰਖੀ ਹੈ ਜਿਸਦੇ ਪ੍ਰਧਾਨ ਬਾਬਾ ਹੁਕਮ ਸਿੰਘ ਜਲਾਲਾਬਾਦੀ ਤੇ ਸਕੱਤ੍ਰ ਬਾਬਾ ਬਿਸ਼ਨ ਸਿੰਘ ਹੋਤੀ ਮਰਦਾਨ ਵਾਲੇ ਜੋ ਅਜ ਕਲ ਲਾਲਪੁਰ (ਕਾਬਲ) ਵਿਚ ਠੈਹਰੇ ਹੋਏ ਹਨ ਬਣਾਏ ਗਏ ਹਨ, ਲਾਲਪੁਰੇ ਵਿੱਚ ਸਿੱਖਾਂ ਵਲੋਂ ਇਕ ਸਕੂਲ ਬੀ ਖੁਲਾ ਹੈ ਜਿਸ ਵਿਚ ਗੁਰਮੁਖੀ ਤੋਂ ਸਿਵਾ ਉਰਦੂ ਫ਼ਾਰਸੀ ਦੀ ਸਿਖਜਾ ਵੀ ਦਿੱਤੀ ਜਾਏਗੀ। ਇਸ ਮਦਰਸੇ ਦੇ ਹੈਡ ਮਾਸਟਰ ਬਾਬਾ ਬਿਸ਼ਨ ਸਿੰਘ ਜੀ ਬਣੇ ਹਨ।

## ਮੁਗਲਪੁਰਾ ਇਨਡਸਟ੍ਰੀਅਲ ਸੈਟਲਮੈਂਟ ਲਾਹੌਰ ਵਿਚ

(ਜਿਸਦੇ ਸੁਧਾਰ ਦਾ ਪ੍ਰਬੰਧ ਚੀਫ ਖਾਲਸਾ ਦੀਵਾਨ ਨੇ ਚਿਰ ਤੋਂ ਆਪਣੇ ਜ਼ਿੰਮੇ ਲਿਆ ਹੋਇਆ ਹੈ) 10 ਅਕਤੂਬਰ 1920 ਨੂੰ ਖਾਲਸੇ ਜੀ ਦਾ ਬੜਾ ਭਾਰੀ ਦੀਵਾਨ ਹੋਇਆ ਜਿਸ ਵਿਚ ਦੀਵਾਨ ਦੇ ਕੀਰਤਨੀ ਜਥੇ ਭਾਈ ਸੰਪੂਰਨ ਸਿੰਘ ਜੀ ਭਾਈ ਥਾਵਰ ਸਿੰਘ ਜੀ ਨੇ ਸਵੇਰੇ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਕੀਤਾ। ਜਿਸ ਵਿਚ ਆਪ ਨੇ ਕਈ ਸੁੰਦਰ ਪ੍ਰਸੰਗ ਵਰਨਨ ਕੀਤੇ ਤੇ ਫੇਰ ਦੋ ਘੰਟੇ ਗੁਰਮੁਖੀ ਕੰਨਜਾ ਪਾਠਸ਼ਾਲਾ ਲਾਹੌਰ ਦੀਆਂ ਬੀਬੀਆਂ ਨੇ ਬੜਾ ਸੁਆਦਲਾ ਕੀਰਤਨ ਕੀਤਾ। ਸ਼ਬਦ ਬੜੇ ਮਨੋਹਰ ਢੰਗਾਂ ਦੇ ਪੜ੍ਹੇ ਗਏ। ਸੰਗਤ ਤੇ ਬੜਾ ਭਾਰੀ ਅਸਰ ਹੋਇਆ। ਫੇਰ ਸੰਟ੍ਰਲ ਮਾਝਾ ਦੀਵਾਨ ਦੇ ਸਾਰੰਗੀ ਜਥੇ ਨੇ ਜਿਸ ਵਿਚ ਸ੍ਰੀਮਾਨ ਸ੍ਰ. ਬਲਵੰਤ ਸਿੰਘ ਜੀ ਸੂਬੇਦਾਰ ਪੈਨਸ਼ਰਰ ਰਈਸ ਕੁਲਾ ਤੇ ਸ੍ਰੀਮਾਨ ਭਾਈ ਭਗਵਾਨ ਸਿੰਘ ਜੀ ਉਪਦੇਸ਼ਕ ਨੇ ਦਰਸ਼ਨ ਦਿਤੇ ਤੇ ਕੀਰਤਨ ਵਿਚ ਗੁਰਮੁਖਾਂ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਸ੍ਰੀ ਬਾਬਾ ਜੋਰਾਵਰ ਸਿੰਘ ਜੀ ਤੇ ਫਤੇ ਸਿੰਘ ਜੀ ਦੀ ਸ਼ਹੀਦੀ ਦਾ ਪ੍ਰਸੰਗ ਬੜੇ ਉਤਮ ਤੇ ਸੁਆਦਲੇ ਢੰਗ ਵਿਚ ਵਰਨਨ ਕੀਤਾ। ਸੰਗਤਾਂ ਦੀਆਂ ਅੱਖਾ ਤੋਂ ਪ੍ਰੇਮ ਦੇ ਆਂਸੂ ਜਾਰੀ ਹੋ ਗਏ ਸਨ ਤੇ ਮੂਰਤਾਂ ਬਨ ਗਈਆਂ ਸਨ। ਤੇ ਢਡ ਸਾਰੰਗੀ ਜਥੇ ਨੇ ਤਿੰਨ ਘੰਟੇ ਕੀਰਤਨ ਕੀਤਾ ਤੇ ਸੰਗਤ ਦੇ ਮਜਬੂਰ ਕਰਨ ਤੇ ਫਿਰ ਰਾਤ ਨੂੰ 8 ਵਜੇ ਤੋਂ ਲੈਕੇ 12 ਵਜੇ ਤਕ ਕੀਰਤਨ ਹੋਇਆ। ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਗੁਰੂ ਨਾਨਕ ਸਾਹਿਬ ਦੇ ਆਗਮਨ ਬਾਬਤ ਬੜੇ ਵਿਸਥਾਰ ਨਾਲ ਸ੍ਰ: ਬਲਵੰਤ ਸਿੰਘ ਜੀ ਤੇ ਭਾਈ ਭਗਵਾਨ ਸਿੰਘ ਜੀ ਨੇ ਕੀਰਤਨ ਕੀਤਾ। ਤੇ ਫੇਰ ਭਾਈ ਬੁਧ ਸਿੰਘ ਜੀ ਉਪਦੇਸ਼ਕ ਚੀਫ ਖਾਲਸਾ ਦੀਵਾਨ ਨੇ ਦੋ ਅਨੰਦ ਕਾਰਜ ਗੁਰਮਤ ਅਨੁਸਾਰ ਕਰਾਏ ਤੇ ਨਾਲ ਇਕ ਮਨੋਹਰ ਲੈਕਚਰ ਗੁਰਮਤ ਦੀ ਵਸ਼ੇਸ਼ਤਾ ਉਪਰ ਦਿਤਾ ਤੇ ਅੰਮ੍ਰਿਤ ਪ੍ਰਚਾਰ ਵੀ ਹੋਇਆ, ਜਿਸ ਵਿਚ 12 ਸਿੰਘਾਂ ਤੇ 8 ਸਿੰਘਨੀਆਂ ਨੂੰ ਅੰਮ੍ਰਿਤ ਛਕਨ ਵਾਲੇ ਸੱਜਨ ਬਾਵਰੀਆਂ ਬ੍ਰਾਦਰੀ ਵਿਚੋਂ ਸਨ। ਅੰਮ੍ਰਿਤ ਪ੍ਰਚਾਰ ਦੇ ਜਥੇਦਾਰ ਸ੍ਰ: ਗੁਪਾਲ ਸਿੰਘ ਜੀ ਲਾਹੌਰ ਵਾਲੇ ਸਨ ਜੋ ਸਦਾ ਹੀ ਇਨ੍ਹਾਂ ਸਿੰਘਾਂ ਨਾਲ ਪਿਆਰ ਰਖਦੇ ਹਨ।

ਦਾਸ— ਸੁੰਦਰ ਸਿੰਘ ਮਜੀਠਿਆ, ਸਕੱਤ੍ਰ ਚੀਫ ਖਾਲਸਾ ਦੀਵਾਨ

## ਇਲਾਕਾ ਕਿਸ਼ਤਵਾੜ

ਅਗੇ ਇਹ ਪ੍ਰਗਟ ਕੀਤਾ ਜਾ ਚੁਕਾ ਹੈ ਕਿ ਦੀਵਾਨ ਵਲੋਂ ਸਤਿਗੁਰਾਂ ਦੀ ਪਵਿਤ੍ਰ ਬਾਣੀ ਦੇ ਪ੍ਰਚਾਰ ਲਈ ਇਕ ਜਥਾ ਕਿਸ਼ਤਵਾੜ, ਸ੍ਰੀਨਗਰ ਕਸ਼ਮੀਰ ਆਦਿਕ ਇਲਾਕਿਆਂ ਵਿਚ ਘਲਿਆ ਗਿਆ ਹੋਇਆ ਹੈ।

ਜਥਾ ਹੁਣ ਕਨੂਏ, ਬਸੋਲੀ, ਭਦਰਵਾਹ ਵਿਚ ਗੁਰਸਿਖੀ ਦੇ ਪ੍ਰਚਾਰ ਦਾ ਦੌਰਾ ਕਰ ਰਿਹਾ ਹੈ। ਜਿਨ੍ਹਾਂ ਪਾਸਿਆਂ ਵਲ ਭਾਵੇਂ ਸਿੰਘਾਂ ਦੀ ਵਸੋਂ ਬਿਲਕੁਲ ਘਟ ਹੈ ਪਰ ਸਤਿਗੁਰੂ ਨਾਨਕ ਜੀ ਨਾਲ ਤੇ ਸਤਿਗੁਰਾਂ ਦੀ ਪਵਿਤ੍ਰ ਬਾਣੀ ਨਾਲ ਬੇਅੰਤ ਰੂਹਾਂ ਪਿਆਰ ਕਰਦੀਆਂ ਹਨ।

ਕਿਸ਼ਤਵਾੜ ਸ੍ਰੀਨਗਰ ਤੋਂ 45 ਮੀਲ ਉਪਰ ਹੈ। ਇਹ ਥਾਂ ਤੇ ਦੋ ਕੌਮਾਂ ਵਸਦੀਆਂ ਹਨ। ਠਕਰ ਤੇ ਕਬੀਰਪੰਥੀ ਇਹ ਆਪਣੇ ਆਪ ਨੂੰ ਹਿੰਦੂ ਦਸਦੇ ਹਨ। ਮੇਘ ਨਾਲ ਠਕਰ ਜਾਤੀ ਛੂਤਛਾਤ ਨਹੀਂ ਕਰਦੀ। ਠਕਰਾਂ ਦਾ ਗੁਰੂ ਘਰ ਤੇ ਭਰੋਸਾ ਹੈ ਗੁਰੂ ਬਾਣੀ ਤੇ ਮਹਾਰਾਜ ਦੀਆਂ ਸਾਖੀਆਂ ਬੜੇ ਪ੍ਰੇਮ ਨਾਲ ਸੁਣਦੇ ਹਨ ਮੇਘ ਜਾਤੀ ਦੇ ਲੋਕ ਹਜਾਰਾਂ ਦੀ ਗਿਣਤੀ ਵਿਚ ਵਸਦੇ ਹਨ। ਪਹਾੜੀ ਇਲਾਕਾ ਹੋਣ ਕਰਕੇ ਮੀਲ ਮੀਲ ਦੀ ਵਿਥ ਤੇ ਘਰ ਹਨ। ਜਥੇ ਦੀ ਰੀਪੋਟ ਹੈ ਕਿ 250 ਪ੍ਰਾਣੀ ਅੰਮ੍ਰਤ ਛਕਣ ਵਾਸਤੇ ਤਿਆਰ ਹਨ। ਇਸ ਵੇਲੇ ਜਥਾ ਸਰੂੜ ਦੇ ਇਲਾਕੇ ਵਿਚ ਪ੍ਰਚਾਰ ਕਰ ਰਿਹਾ ਹੈ।

ਦਾਸ— ਸੁਪ੍ਰੰਟੰਡੰਟ ਚੀਫ ਖਾਲਸਾ ਦੀਵਾਨ

ਨੋਟ— ਹੁਣ ਤਕ ਉੱਪਰਲੇ ਸਜਨ ਅੰਮ੍ਰਤ ਛਕ ਚੁਕੇ ਹਨ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੬, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੮੮}

[ਵਡਹੰਸੁ ਮਹਲਾ ੧, ਛੰਤ ੨]

| ਮੂਲ | ਅਰਥ |
|---|---|
| ਵਡਹੰਸੁ ਮਹਲਾ ੧॥ ਕਰਹੁ ਦਇਆ ਤੇਰਾ ਨਾਮੁ ਵਖਾਣਾ॥ ਸਭ ਉਪਾਈਐ ਆਪਿ ਆਪੇ ਸਰਬ ਸਮਾਣਾ॥ ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ ਲਾਈਆ॥ ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ॥ ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ॥ ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ॥੧॥ | (ਹੇ ਮਾਲਕ!) ਮਿਹਰ ਕਰੋ (ਮੈਂ) ਤੁਹਾਡਾ ਨਾਮ ਜਪਾਂ। ਸਾਰੀ (ਸ੍ਰਿਸ਼ਟੀ) ਤੁਸਾਂ ਆਪ ਪੈਦਾ ਕੀਤੀ ਹੈ, ਆਪੇ ਹੀ ਸਭਨਾਂ ਵਿਚ ਸਮਾ ਰਹੇ ਹੋ। (ਹਾਂ) ਤੂੰ ਸਭਨਾਂ ਵਿਚ ਆਪੇ ਸਮਾਇਆ ਹੋਇਆ ਹੈਂ, (ਪਰ ਸ੍ਰਿਸ਼ਟੀ) ਪੈਦਾ ਕਰਕੇ ਧੰਦਿਆਂ ਵਿਚ (ਕੰਮਾ ਵਿਚ) ਲਾਈ ਹੋਈ ਹੈ। ਇਕ ਤੁਸਾਂ ਹੀ ਰਾਜੇ ਬਣਾਏ ਹੋਏ ਹਨ, ਇਕਨਾਂ ਨੂੰ ਭਿੱਖਿਆ (ਮੰਗਣ) ਵਿਚ ਭਵਾਇਆ ਹੈ (ਦਰ ਦਰ ਫਿਰਾਇਆ ਹੈ)। (ਜਗਤ ਨੂੰ) ਲੋਭ ਤੇ ਮੋਹ ਤੂੰ ਹੀ ਮਿੱਠਾ ਲਵਾਇਆ ਹੈ, ਏਸ ਭਰਮ ਵਿਚ (ਜਗਤ) ਭੁੱਲਾ ਹੋਇਆ ਹੈ। (ਤੁਸੀਂ) ਆਪਣੀ ਸਦਾ ਦਇਆ ਕਰੋ ਤਾਂ (ਮੈਂ ਆਪ ਦਾ) ਨਾਮ ਜਪਦਾ ਰਹਾਂ॥੧॥ |
| ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ॥ ਦੂਖੁ ਗਇਆ ਸੁਖੁ ਆਇ ਸਮਾਣਾ॥ ਗਾਵਨਿ ਸੁਰਿ ਨਰ ਸੁਘੜ ਸੁਜਾਣਾ॥ ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ॥ ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ॥ ਇਕਿ ਮੂੜ ਮੁਗਧ ਨ ਚੇਤਹਿ ਮੂਲੇ ਜੋ ਆਇਆ ਤਿਸੁ ਜਾਣਾ॥ ਨਾਮੁ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ॥੨॥ | ਤੇਰਾ ਨਾਮ ਸੱਚਾ ਹੈ, ਮੇਰੇ ਮਨ ਵਿਚ ਸਦਾ ਭਾਇਆ ਹੈ (ਜਿਸ ਤੋਂ) ਦੁੱਖ ਚਲਾ ਗਿਆ ਹੈ ਤੇ ਸੁੱਖ (ਮਨ ਵਿਚ) ਆਕੇ ਸਮਾ ਰਿਹਾ ਹੈ। (ਤੇਰੇ ਜਸ ਨੂੰ) ਦੇਵਤੇ, ਦੇਵਤਿਆਂ ਵਰਗੇ ਭਲੇ ਸੁਘੜ ਤੇ ਸੁਜਾਨ (ਪੁਰਖ) ਗਾਉਂਦੇ ਹਨ, (ਹਾਂ) ਜੋ ਤੇਰੇ ਮਨ ਨੂੰ ਭਾਉਂਦੇ ਹਨ (ਓਹੋ ਹੀ) ਸੁਰ ਨਰ ਸੁਘੜ ਸੁਜਾਨ (ਤੈਨੂੰ) ਗਾਉਂਦੇ ਹਨ। (ਪਰ) ਮਾਇਆ ਵਿਚ ਮੋਹੇ ਹੋਏ (ਮਨੁੱਖ ਤੈਨੂੰ) ਨਹੀਂ ਸਿਮਰਦੇ, (ਓਹ) ਸੁਹਣਾ ਜਨਮ (ਬਿਰਥਾ) ਗਵਾ ਲੈਂਦੇ ਹਨ। ਇਕ ਮੂਰਖ ਤੇ ਅੰਞਾਣ ਤੈਨੂੰ ਮੂਲੋਂ ਹੀ ਨਹੀਂ ਯਾਦ ਕਰਦੇ, ਪਰ ਜੋ (ਕੋਈ ਏਥੇ) ਆਇਆ ਹੈ ਉਸ ਨੇ ਟੁਰ ਜਾਣਾ ਹੈ। (ਇਕ) ਤੇਰਾ ਨਾਮ ਸਦਾ ਹੀ ਸੱਚਾ ਹੈ, ਓਹੋ ਮੇਰੇ ਮਨ ਵਿਚ ਚੰਗਾ ਲਗ ਰਿਹਾ ਹੈ॥੨॥ |
| ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ॥ ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ॥ ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ॥ ਨਾਮ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ॥ ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ॥ ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ॥੩॥ | ਤੇਰਾ (ਸਿਮਰਨ ਦਾ) ਵੇਲਾ ਸੁਹਾਵਣਾ ਹੈ ਤੇ ਤੇਰੀ ਬਾਣੀ ਅੰਮ੍ਰਿਤ ਹੈ। (ਇਹ) ਸਵਾਦ (ਉਨ੍ਹਾਂ) ਪ੍ਰਾਣੀਆਂ (ਮਨੁੱਖਾਂ) ਨੂੰ (ਮਿੱਠਾ) ਲੱਗਾ ਹੈ (ਜੋ) ਸੇਵਕ ਬਣਕੇ ਪ੍ਰੇਮ ਨਾਲ ਸੇਵਾ ਕਰਦੇ ਹਨ। (ਹਾਂ, ਇਹ) ਸਵਾਦ ਉਨ੍ਹਾਂ ਪ੍ਰਾਣੀਆਂ ਨੂੰ (ਮਿੱਠਾ) ਲੱਗਾ ਹੈ ਜਿਨ੍ਹਾਂ ਨੇ (ਨਾਮ ਰੂਪੀ) ਅੰਮ੍ਰਿਤ ਪਾਇਆ ਹੈ। ਜੋ (ਭੀ) ਤੇਰੇ ਨਾਮ ਨੂੰ ਸਿਮਰਦੇ ਹਨ (ਓਹ) ਸਦਾ ਵਧਦੇ ਤੇ ਫੁਲਦੇ ਹਨ। (ਪਰ) ਜਦ ਤੋੜੀਂ (ਤੈਨੂੰ) ਇਕ ਨੂੰ (ਕੋਈ) ਨਾ ਪਛਾਣ ਲਵੇ (ਤਦ ਤਕ) ਕਰਮ ਧਰਮ, ਸੰਜਮ ਉਨ੍ਹਾਂ ਵਿਚ (ਕੋਈ) ਇਕ ਗੁਣ (ਭੀ) ਨਹੀਂ ਹੁੰਦਾ। ਤੇਰਾ (ਸਿਮਰਨ ਦਾ) ਵੇਲਾ ਸਦਾ ਸੁਹਾਵਣਾ ਹੈ, ਤੇ ਤੇਰੀ ਬਾਣੀ ਅੰਮ੍ਰਿਤ ਹੈ॥੩॥ |
| ਹਉ ਬਲਿਹਾਰੀ ਸਾਚੇ ਨਾਵੈ॥ ਰਾਜੁ ਤੇਰਾ ਕਬਹੁ ਨ ਜਾਵੈ॥ ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ॥ ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ॥ ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ॥ ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ॥੪॥ | ਮੈਂ ਸਚੇ ਨਾਮ ਤੋਂ ਸਦਕੇ ਹਾਂ। ਤੇਰਾ ਰਾਜ ਕਦੇ ਨਹੀਂ ਜਾਏਗਾ। (ਹਾਂ) ਰਾਜ ਤਾਂ ਤੇਰਾ ਸਦਾ ਅਟੱਲ ਹੈ, ਇਹ ਕਦੇ ਨਹੀਂ ਜਾਏਗਾ ਤੇ ਤੇਰਾ ਦਾਸ ਓਹੋ ਹੋਵੇਗਾ ਜੋ ਸਹਜ ਵਿਚ ਸਮਾ ਜਾਏਗਾ। (ਓਸ ਦਾਸ ਨੂੰ) ਵੈਰੀ ਤੇ ਦੁਖ ਮੂਲੋਂ ਨਹੀਂ ਲਗਦਾ ਤੇ ਪਾਪ (ਉਸ ਦੇ) ਨੇੜੇ ਨਹੀਂ ਆਉਂਦਾ। ਤੇਰੇ ਇਕ ਨਾਮ ਉਤੋਂ ਮੈਂ ਸਦਾ ਬਲਿਹਾਰ ਹੁੰਦਾ ਰਹਾਂ॥੪॥ |

(ਸ਼ਬਦ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪ੍ਰੋ. ਸ਼ਿਵਾ ਪ੍ਰਕਾਸ਼ ਰਾਹੀਂ ਦੱਖਣੀ ਭਾਰਤ ਦੇ ਵਚਨਾ ਸਾਹਿਤ ਉਪਰ ਲੈਕਚਰ

ਨਵੀਂ ਦਿੱਲੀ, 30 ਅਕਤੂਬਰ, 2020 : ਗੁਰੂ ਗ੍ਰੰਥ ਸਾਹਿਬ ਰਿਸੋਰਚ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਰਾਹੀਂ ਭਗਤੀ ਸਾਹਿਤ ਦੇ ਉਪਰ ਚਲਦੀ ਮਹੀਨਾਵਾਰ ਲੜੀ ਦੇ ਤਹਿਤ ਇਸ ਵਾਰ ਪ੍ਰੋ. ਐਚ.ਐਸ. ਸ਼ਿਵਾ ਪ੍ਰਕਾਸ਼ ਨੇ ਭਾਰਤੀ ਭਗਤੀ ਦੇ ਸੰਦਰਭ 'ਚ ਵਚਨਾ ਸਾਹਿਤ ਦੀ ਦੇਣ ਉਪਰ ਲੈਕਚਰ ਦਿੱਤਾ। ਆਨਲਾਈਨ ਹੋਏ ਇਸ ਪ੍ਰੋਗਰਾਮ ਦਾ ਸੰਚਾਲਨ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਰਵੇਲ ਸਿੰਘ ਨੇ ਕੀਤਾ।


ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਦਨ ਦੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਦੱਖਣ ਤੋਂ ਉੱਤਰ ਵਲ ਚੱਲੀ ਭਗਤੀ ਲਹਿਰ ਦਾ ਜ਼ਿਕਰ ਕੀਤਾ। ਉਨ੍ਹਾਂ ਅਨੁਸਾਰ ਅੱਜ ਜਦਕਿ ਸਾਡਾ ਸਮਾਜ ਵੰਡਪਾਊ ਤਾਕਤਾਂ ਦੇ ਪ੍ਰਭਾਵ ਵਲ ਗਤੀਮਾਨ ਹੈ ਤਾਂ ਬੜੀ ਲੋੜ ਹੈ ਅਸੀਂ ਭਾਰਤੀ ਸਾਹਿਤ ਦੀਆਂ ਉਨ੍ਹਾਂ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਅਪਨਾਈਏ ਜਿਸਦਾ ਪ੍ਰਚਾਰ ਉਸ ਸਮੇਂ ਦੇ ਦੱਖਣੀ-ਉੱਤਰੀ ਭਗਤਾਂ ਨੇ ਭਗਤੀ ਲਹਿਰ ਚਲਾ ਕੇ ਕੀਤਾ। ਉਪਰੰਤ ਆਪਣੇ ਸੰਬੋਧਨ 'ਚ ਪ੍ਰੋ. ਐਚ.ਐਸ. ਸ਼ਿਵਾ ਪ੍ਰਕਾਸ਼ ਨੇ ਵਚਨਾ ਸਾਹਿਤ ਉਪਰ ਭਰਪੂਰ ਰੌਸ਼ਨੀ ਪਾਉਂਦਿਆਂ ਕਿਹਾ ਕਿ ਵਚਨਾ ਸਾਹਿਤ ਦੀ ਰਚਨਾ 11ਵੀਂ-12ਵੀਂ ਸਦੀ 'ਚ ਹੋਈ ਤੇ ਕਰਨਾਟਕ 'ਚ ਰਚੇ ਗਏ ਇਸ ਸਾਹਿਤ ਦੀ ਸੁਰ ਮੁੱਖ ਤੌਰ ਤੇ ਨਿਰਗੁਣ ਭਗਤੀ ਦੀ ਰਹੀ। ਇਹ ਨਿਰਗੁਣ ਭਗਤੀ ਹੀ ਹੈ ਜੋ ਬਾਅਦ ਵਿਚ ਉੱਤਰ ਵਿਚ ਖ਼ਾਸ ਕਰਕੇ ਪੰਜਾਬ ਵਿਚ ਸਿੱਖ ਗੁਰੂਆਂ ਵੱਲੋਂ ਰਚੀ ਗੁਰਬਾਣੀ ਰਾਹੀਂ ਪ੍ਰਚਾਰਿਤ ਹੋਈ। ਇਸ ਪੱਖੋਂ ਇਸਦਾ ਦੱਖਣ ਦੀ ਭਗਤੀ ਨਾਲ ਜੁੜਾਓ ਤਲਾਸ਼ਿਆ ਜਾ ਸਕਦਾ ਹੈ। ਨਿਰਗੁਣੀ ਵਚਨਾ ਸਾਹਿਤ ਰਚੈਤਾ ਸਮਾਜ ਦੇ ਵੱਖ-ਵੱਖ ਵਰਗਾਂ 'ਚੋਂ ਸਨ ਤੇ ਉਹਨਾਂ ਈਸ਼ਵਰੀ ਅਨੁਭਵ ਅਤੇ ਮਨੁੱਖੀ ਏਕਤਾ ਤੇ ਭਾਈਚਾਰੇ ਦੀ ਆਪਣੀਆਂ ਰਚਨਾਵਾਂ 'ਚ ਪੁਰਜ਼ੋਰ ਵਕਾਲਤ ਕੀਤੀ। ਵਚਨਾ ਸਾਹਿਤ ਤਕਰੀਬਨ 15-16ਵੀਂ ਸਦੀ 'ਚ ਸਾਂਭਿਆ ਗਿਆ ਤੇ ਈਸ਼ਵਰੀ ਅਨੁਭਵਾਂ 'ਚੋਂ ਪੈਦਾ ਹੋਇਆ ਇਹ ਸਾਹਿਤ ਮੁੱਖ ਰੂਪ 'ਚ ਪ੍ਰਵਾਹਮਾਨ ਕਾਵਿ-ਸ਼ੈਲੀ ਦਾ ਲਖਾਇਕ ਹੈ ਜਿਸ ਵਿਚ ਕਵੀਆਂ ਨੇ ਆਪਣੇ ਆਲੇ-ਦੁਆਲੇ 'ਚੋਂ ਪ੍ਰਤੀਕ-ਬਿੰਬ ਲੈ ਕੇ ਉਥੋਂ ਦੀ ਮੁੱਖ ਬੋਲੀ ਤੇ ਉਪ-ਬੋਲੀਆਂ 'ਚ ਬਹੁਤ ਸੁੰਦਰ ਕਾਵਿ ਸਿਰਜਨਾ ਕੀਤੀ ਹੈ। ਤਕਰੀਬਨ 250 ਤੋਂ ਉਪਰ ਵਚਨਾ ਸਾਹਿਤਕਾਰਾਂ ਦਾ ਜ਼ਿਕਰ ਮਿਲਦਾ ਹੈ ਜਿਸ ਵਿਚ 30 ਦੇ ਕਰੀਬ ਔਰਤਾਂ ਸਨ। ਪ੍ਰੋਗਰਾਮ ਦੇ ਅਖ਼ੀਰ 'ਚ ਪ੍ਰੋ. ਰਵੇਲ ਸਿੰਘ ਨੇ ਵਚਨਾ ਸਾਹਿਤ ਅਤੇ ਗੁਰਬਾਣੀ ਦੇ ਅੰਤਰ-ਸੰਬੰਧਾਂ ਨੂੰ ਸਮਝਣ ਲਈ ਪਰਸਪਰ ਅਨੁਵਾਦ ਦੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਕਿ ਮੱਧਕਾਲ 'ਚ ਚੱਲੀ ਭਗਤੀ ਲਹਿਰ ਦੇ ਇਹ ਅਨਮੋਲ ਖ਼ਜ਼ਾਨੇ ਹਨ ਜਿਨ੍ਹਾਂ ਬਾਰੇ ਸਾਨੂੰ ਅੱਜ ਜਾਨਣ ਦੀ ਬਹੁਤ ਲੋੜ ਹੈ ਤੇ ਉੱਤਰ-ਪੱਛਮ ਦੇ ਵਿਦਵਾਨਾਂ ਨੂੰ ਮਿਲ ਕੇ ਇਸ ਤੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਮੁੱਖ ਵਕਤਾ ਪ੍ਰੋ. ਐਚ.ਐਸ. ਸ਼ਿਵਾ ਪ੍ਰਕਾਸ਼ ਅਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧



**ਮੁੱਖ ਵਕਤਾ ਪ੍ਰੋ. ਐਚ.ਐਸ. ਸ਼ਿਵਾ ਪ੍ਰਕਾਸ਼**



**ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ**



**ਪ੍ਰੋਫ਼ੈਸਰ ਰਵੇਲ ਸਿੰਘ**